ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਵੀਰਵਾਰ, 27 ਮਾਰਚ 2025 (ਨਾਨਕਸ਼ਾਹੀ ਸੰਮਤ : ੫੫੭, ੧੪ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪੰਜਾਬ ’ਚ ਵੱਡਾ ਹਾਦਸਾ: ਸਵਾਰੀਆਂ ਨਾਲ ਭਰੀ ਬੱਸ ਪਲਟੀ, ਮਚਿਆ ਚੀਕ-ਚਿਹਾੜਾ

**ਮੁਕੰਦਪੁਰ , 26 ਮਾਰਚ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਵਿਚ ਵੱਡਾ ਹਾਦਸਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮੁਕੰਦਪੁਰ ਤੋਂ ਫਗਵਾੜਾ ਜਾ ਰਹੀ ਚੌਹਾਨ ਮਿਨੀ ਬਸ ਬੱਲੋਵਾਲ ਤੋਂ ਸਰਹਾਲ ਕਾਜੀਆਂ ਟੀ-ਪੁਆਇੰਟ ’ਤੇ ਪਲਟ ਗਈ। ਇਸ ਘਟਨਾ ਸਬੰਧੀ ਥਾਣਾ ਮੁਕੰਦਪੁਰ ਦੇ ਐੱਸ. ਐੱਚ. ਓ. ਮਹਿੰਦਰ ਸਿੰਘ ਨੇ ਦੱਸਿਆ ਕਿ ਇਕ ਮਿਨੀ ਬੱਸ ਪੀ. ਬੀ. 07 ਪੀ. 2858 ਜੋ ਮੁਕੰਦਪੁਰ ਤੋਂ ਫਗਵਾੜਾ ਬਾਇਆ ਬੱਲੋਵਾਲ ਸਰਹਾਲ ਕਾਜੀਆਂ ਤੋਂ ਹੁੰਦੇ ਹੋਏ ਫਗਵਾੜਾ ਨੂੰ ਜਾ ਰਹੀ ਸੀ। ਜਦੋਂ ਉਹ ਇਸ ਟੀ-ਪੁਆਇੰਟ ’ਤੇ ਪਹੁੰਚੀ ਤਾਂ ਪਲਟ ਗਈ। ਮੌਕੇ ’ਤੇ ਪੁਲਸ ਪਾਰਟੀ ਨੇ ਪਹੁੰਚ ਕੇ ਬੱਸ ਵਿੱਚੋਂ ਸਵਾਰੀਆਂ ਨੂੰ ਕੱਢ ਕੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ। ਦੱਸਿਆ ਜਾ ਰਿਹਾ ਹੈ ਕਿ ਬੱਸ ਵਿਚ ਜ਼ਿਆਦਾਤਰ ਔਰਤਾਂ ਹੀ ਸਨ। ਬੱਸ ਵਿੱਚ ਕਰੀਬ 10 ਸਵਾਰੀਆਂ ਕੰਡਕਟਰ ਅਤੇ ਡਰਾਈਵਰ ਸਨ। ਡਰਾਈਵਰ ਜਤਿੰਦਰ ਸਿੰਘ ਬਾਸੀ ਮੋਰੋ ਨੂੰ ਗ੍ਰਿਫ਼ਤਾਰ ਕਰ ਲਿਆ। ਜਿਨ੍ਹਾਂ ਚਾਰ ਔਰਤਾਂ ਦੇ ਜ਼ਿਆਦਾ ਸੱਟਾਂ ਲੱਗੀਆਂ ਹਨ, ਉਨ੍ਹਾਂ ਨੂੰ ਐਂਬੂਲੈਂਸ ਰਾਹੀਂ ਵੱਖ-ਵੱਖ ਹਸਪਤਾਲਾਂ ਦੇ ਵਿੱਚ ਭਾਰਤੀ ਕਰਵਾਇਆ ਗਿਆ, ਜੋ ਵੀ ਪਰਿਵਾਰਿਕ ਮੈਂਬਰ ਬਿਆਨ ਦੇਣਗੇ, ਉਸ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਬਜਟ 2025

# ਪੰਜਾਬ ’ਤੇ ਹੋਰ ਭਾਰੀ ਹੋਵੇਗੀ ਕਰਜ਼ੇ ਦੀ ਪੰਡ !

**ਚੰਡੀਗੜ੍ਹ, 26 ਮਾਰਚ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਹਮੇਸ਼ਾ ਹੀ ਭਾਰਤ ਦੇ ਜ਼ਿਆਦਾਤਰ ਸੂਬਿਆਂ ਨਾਲੋਂ ਆਰਥਿਕ ਪੱਖ ਤੋਂ ਖੁਸ਼ਹਾਲ ਸੂਬਾ ਰਿਹਾ ਹੈ, ਪਰ ਇਸ ਉਪਰ ਲਗਾਤਾਰ ਵੱਧ ਰਹੇ ਕਰਜ਼ੇ ਨੇ ਇਸ ਦੀ ਆਰਥਿਕਤਾ ਨੂੰ ਖੋਖਲਾ ਕਰਕੇ ਰੱਖ ਦਿੱਤਾ ਹੈ। ਬੁੱਧਵਾਰ ਪੰਜਾਬ ਸਰਕਾਰ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 2025-26 ਲਈ 2 ਲੱਖ 36 ਹਜ਼ਾਰ ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖੀ ਗਈ, ਜਿਸ ਵਿੱਚ ਸਰਕਾਰ ਵੱਲੋਂ ਅਨੇਕਾਂ ਸਹੂਲਤਾਂ ਲਈ ਫੰਡ ਰੱਖਣ ਦੇ ਦਾਅਵੇ ਕੀਤੇ ਗਏ ਹਨ ਅਤੇ ਬਜਟ ਘਾਟਾ ਲਗਾਤਾਰ ਘੱਟ ਹੋਣ ਬਾਰੇ ਵੀ ਕਿਹਾ ਗਿਆ। ਹਾਲਾਂਕਿ, ਇਨ੍ਹਾਂ ਸਹੂਲਤਾਂ ਨੂੰ ਪੂਰਾ ਕਰਨ ਲਈ ਸਰਕਾਰ ਹੁਣ ਇੱਕ ਹੋਰ ਕਰਜ਼ਾ ਚੁੱਕਣ ਜਾ ਰਹੀ ਹੈ, ਜਿਸ ਨਾਲ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਜਾਵੇਗੀ। ਪੰਜਾਬ ਸਰਕਾਰ 49,900 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੁੱਕੇਗੀ, ਜਿਸ ਨਾਲ ਅਗਲੇ ਵਿੱਤੀ ਸਾਲ ਦੇ ਅਖੀਰ ਤੱਕ ਪੰਜਾਬ ਦੇ ਸਿਰ ਕੁੱਲ ਕਰਜ਼ਾ ਅਨੁਮਾਨਤ ਬਕਾਇਆ 3.96 ਲੱਖ ਕਰੋੜ ਰੁਪਏ ਹੋਵੇਗਾ। ਦੱਸ ਦਈਏ ਕਿ ਪਿਛਲੇ ਸਾਲ ਸੂਬੇ ਦਾ ਸਾਲਾਨਾ ਬਜਟ ਪੇਸ਼ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਵਿੱਤੀ ਸਾਲ 2024-25 ਦੇ ਅੰਤ ਤੱਕ ਪੰਜਾਬ ਦਾ ਕਰਜ਼ਾ 3.74 ਲੱਖ ਕਰੋੜ ਰੁਪਏ ਦਾ ਅਨੁਮਾਨ ਲਗਾਇਆ ਸੀ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 46 ਫ਼ੀਸਦੀ ਤੋਂ ਵੱਧ ਬਣਦਾ ਸੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲਗਾਤਾਰ ਕਰਜ਼ਾ ਲਿਆ ਜਾ ਰਿਹਾ ਹੈ, ਜਿਸ ਤਹਿਤ ਲਗਾਤਾਰ ਪੰਜਾਬ ਸਿਰ ਕਰਜ਼ਾ ਵਧ ਰਿਹਾ ਹੈ। ਅੰਕੜਿਆਂ ਅਨੁਸਾਰ ਵਿੱਤੀ ਸਾਲ 2022-2023 ਵਿੱਚ ਅਨੁਮਾਨਤ ਕਰਜ਼ਾ 2.92 ਲੱਖ ਕਰੋੜ ਸੀ, ਜੋ ਕਿ ਸਾਲ 2023-2024 ਕਰਜ਼ਾ ਵੱਧ ਕੇ 3.23 ਲੱਖ ਕਰੋੜ ਰੁਪਏ ਹੋ ਗਿਆ ਅਤੇ ਵਿੱਤੀ ਸਾਲ 2024-2025 ਦੇ ਅਖੀਰ ਤੱਕ ਅਨੁਮਾਨਤ ਕਰਜ਼ਾ- 3.78 ਲੱਖ ਕਰੋੜ (ਸੰਭਾਵਿਤ ਕਰਜ਼) ਸੀ। ਹਾਲਾਂਕਿ, ਇਸ ਸਾਲ ਪੰਜਾਬ ਸਰਕਾਰ ਵੱਲੋਂ ਔਰਤਾਂ ਨੂੰ 1100-1100 ਰੁਪਏ ਦੇਣ ਦਾ ਐਲਾਨ ਨਹੀਂ ਕੀਤਾ ਗਿਆ, ਜਿਸ ਨਾਲ ਕਰਜ਼ੇ ਦੀ ਪੰਡ ਹੋਰ ਵੀ ਭਾਰੀ ਹੋ ਸਕਦੀ ਸੀ।



## ਕਿਸਾਨਾਂ ਦੇ ਦਿਲਾਂ ’ਚ ਮੁੜ ਆਪਣੀ ਥਾਂ ਨਹੀਂ ਬਣਾ ਸਕੀ ਮਾਨ ਸਰਕਾਰ, ਬਜਟ ਤੋਂ ਨਾਰਾਜ਼ ਕਿਸਾਨ

ਪੰਜਾਬ ਸਰਕਾਰ ਵੱਲੋਂ ਅੱਜ ਵਿੱਤੀ ਸਾਲ 2025 2026 ਲਈ ਬਜਟ ਪੇਸ਼ ਕਰ ਦਿੱਤਾ ਗਿਆ ਹੈ। ਕੁੱਲ 2 ਲੱਖ 36 ਹਜ਼ਾਰ 80 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਹੈ। ਪਰ ਇਸ ਬਜਟ ਤੋਂ ਪੰਜਾਬ ਦੇ ਕਿਸਾਨ ਨਾਰਾਜ਼ ਨਜ਼ਰ ਆ ਰਹੇ ਹਨ। ਹਾਲਾਂਕਿ ਪੰਜਾਬ ਸਰਕਾਰ ਬਜਟ ਨਾਲ ਕਿਸਾਨਾਂ ਦੇ ਦਿਲਾਂ ’ਤੇ ਮੁੜ ਆਪਣੀ ਥਾਂ ਨਹੀਂ ਬਣਾ ਸਕੀ ਹੈ। ਚੌਥੇ ਬਜਟ ’ਚ ਵੀ ਕਿਸਾਨਾਂ ਦੇ ਹੱਥ ਖਾਲੀ ਹਨ। ਕਿਸਾਨਾਂ ਨੂੰ ਆਸ ਸੀ ਕਿ ਝੋਨੇ ਦੀ ਫਸਲ ਦਾ ਸਾਲ 2023 ’ਚ ਹੋਏ ਨੁਕਸਾਨ ਦਾ ਮੁਆਵਜ਼ਾ ਸਰਕਾਰ ਵੱਲੋਂ ਐਲਾਨ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਇਹ ਵੀ ਆਸ ਸੀ ਕਿ ਸਰਕਾਰ ਦਾਲਾਂ ਦੇ ਉੱਤੇ ਵੀ ਐਮਐਸਪੀ ਅਨਾਊਂਸ ਕਰ ਸਕਦੀ ਸੀ ਪਰ ਸਰਕਾਰ ਨੇ ਅਜਿਹਾ ਨਹੀਂ ਕੀਤਾ। ਕਿਸਾਨਾਂ ਦਾ ਕਹਿਣਾ ਹੈ ਕਿ ਦੇਸ਼ ਅਤੇ ਪੰਜਾਬ ਦੇ ਅੰਦਰ ਬਜਟ ਤੋਂ ਸਿਰਫ ਨਿਰਾਸ਼ਾ ਹੀ ਹੱਥ ਲੱਗੀ ਹੈ। ਕਿਸਾਨਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਤੋਂ ਚੱਲਦੀ ਆ ਰਹੀ ਟਿਊਬਲਾਂ ਦੀ ਬਿਜਲੀ ਮੁਫਤ ’ਤੇ 10 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਸਰਕਾਰ ਨੇ ਆਪਣੀ ਇਸ ਨੂੰ ਪਹਿਲਕਦਮੀ ਦੱਸੀ ਹੈ। ਕਾਬਿਲੇਗੌਰ ਹੈ ਕਿ ਮਾਨ ਸਰਕਾਰ ਨੇ ਖੇਤੀਬਾੜੀ ਲਈ ਬਜਟ ਵਿੱਚ ਪੰਜ ਫੀਸਦ ਵਾਧਾ ਕੀਤਾ। ਬਜਟ ਵਿੱਚ ਖੇਤੀਬਾੜੀ ਲਈ 14,524 ਕਰੋੜ ਰੁਪਏ ਰੱਖੇ ਗਏ ਹਨ। ਕਿਸਾਨਾਂ ਨੂੰ ਬਿਜਲੀ ਸਬਸਿਡੀ ਲਈ 9992 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਸਰਕਾਰ ਨੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ 500 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ।

**ਅਨੁਸੂਚਿਤ ਜਾਤੀਆਂ ਲਈ ਪੰਜਾਬ ਸਰਕਾਰ ਦਾ ਵੱਡਾ ਐਲਾਨ, ਸਾਰੇ ਕਰਜ਼ੇ ਕੀਤੇ ਮੁਆਫ਼ :** ਪੰਜਾਬ ਬਜਟ ਵਿਚ ਸਮਾਜਿਕ ਨਿਆਂ ਅਤੇ ਅਨੁਸੂਚਿਤ ਜਾਤੀਆਂ ਲਈ ਵਿੱਤ ਮੰਤਰੀ ਹਰਪਾਲ ਸਿੰਘ ਵੱਲੋਂ ਵੱਡਾ ਐਲਾਨ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਐਲਾਨ ਕਰਦੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਭਾਈਚਾਰੇ ਵੱਲੋਂ ‘ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਅਤੇ ਵਿੱਤ ਨਿਗਮ’ ਤੋਂ 31 ਮਾਰਚ 2020 ਤੱਕ ਲਏ ਗਏ ਸਾਰੇ ਕਰਜ਼ੇ ਮੁਆਫ਼ ਕੀਤੇ ਜਾਂਦੇ ਹਨ। ਇਸ ਦੇ ਨਾਲ 5 ਹਜ਼ਾਰ ਲੋਕਾਂ ਨੂੰ ਲਾਭ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਅਤੇ ਸਾਰੇ ਦਲਿਤ ਵਰਗਾਂ ਦੇ ਵਿਕਾਸ ਲਈ ਵਿੱਤੀ ਸਾਲ 2025-26 ਵਿਚ ਅਨੁਸੂਚਿਤ ਜਾਤੀਆਂ ਉੱਪ-ਯੋਜਨਾ (ਐੱਸ. ਸੀ. ਐੱਸ. ਪੀ) ਲਈ 13,937 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

## ਅੱਧੀ ਰਾਤ ਨੂੰ ਕਿਸਾਨਾਂ ਦੇ ਘਰੇ ਛਾਪੇ ਮਾਰ ਰਹੀ ਪੰਜਾਬ ਪੁਲਿਸ, ਸ਼ਰਾਬ ਪੀ ਕੇ ਆਉਣ ਦੇ ਲੱਗੇ ਇਲਜ਼ਾਮ, ਘਰ ’ਚ ਸੀ ਇੱਕਲੀਆਂ ਔਰਤਾਂ

**ਚੰਡੀਗੜ੍ਹ, 26 ਮਾਰਚ (ਆਵਾਜ਼ਿ ਕੌਮ ਬਿਊਰੋ)-** ਫਰੀਦਕੋਟ ਜ਼ਿਲ੍ਹੇ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਜੱਦੀ ਪਿੰਡ ਡੱਲੇਵਾਲਾ ਵਿੱਚ ਪੁਲਿਸ ਨੇ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਮੰਗਲਵਾਰ-ਬੁੱਧਵਾਰ ਦੀ ਅੱਧੀ ਰਾਤ ਨੂੰ ਲਗਭਗ 1 ਵਜੇ ਪੁਲਿਸ ਨੇ ਪਿੰਡ ਪੱਕਾ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧਪੁਰ ਦੇ ਬਲਾਕ ਪ੍ਰਧਾਨ ਤੇਜਾ ਸਿੰਘ ਦੇ ਘਰ ਛਾਪਾ ਮਾਰਿਆ। ਹਾਲਾਂਕਿ, ਕਿਸਾਨ ਆਗੂ ਉਸ ਸਮੇਂ ਘਰ ਵਿੱਚ ਮੌਜੂਦ ਨਹੀਂ ਸੀ। ਘਰ ਵਿੱਚ ਮੌਜੂਦ ਪਰਿਵਾਰ ਦੀਆਂ ਔਰਤਾਂ ਨੇ ਮੌਕੇ ’ਤੇ ਮੌਜੂਦ ਪੁਲਿਸ ਦੀ ਵੀਡੀਓ ਬਣਾਈ ਤੇ ਉਨ੍ਹਾਂ ’ਤੇ ਗੰਭੀਰ ਦੋਸ਼ ਲਗਾਏ। ਕਿਸਾਨ ਆਗੂ ਦੇ ਪਰਿਵਾਰ ਦੀਆਂ ਔਰਤਾਂ ਨੇ ਕਿਹਾ ਕਿ ਜਦੋਂ ਪੁਲਿਸ ਨੇ ਉਸਦੇ ਘਰ ਛਾਪਾ ਮਾਰਿਆ ਤਾਂ ਨਾ ਤਾਂ ਉਸਦੇ ਨਾਲ ਕੋਈ ਮਹਿਲਾ ਪੁਲਿਸ ਕਰਮਚਾਰੀ ਸੀ ਅਤੇ ਨਾ ਹੀ ਉਹ ਪਿੰਡ ਦੇ ਸਰਪੰਚ, ਪੰਚ ਜਾਂ ਕਿਸੇ ਹੋਰ ਪ੍ਰਮੁੱਖ ਵਿਅਕਤੀ ਨੂੰ ਆਪਣੇ ਨਾਲ ਲੈ ਕੇ ਆਇਆ। ਪਰਿਵਾਰ ਨੇ ਛਾਪੇਮਾਰੀ ਵਿੱਚ ਸ਼ਾਮਲ ਪੁਲਿਸ ਮੁਲਾਜ਼ਮਾਂ ’ਤੇ ਸ਼ਰਾਬ ਪੀਣ ਤੋਂ ਬਾਅਦ ਘਰ ਵਿੱਚ ਦਾਖਲ ਹੋਣ ਦਾ ਵੀ ਦੋਸ਼ ਲਗਾਇਆ। ਇਸ ਦੀ ਵੀਡੀਓ ਸਾਂਝੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਨੇ ਲਿਖਿਆ, ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਅੰਦਰ ਅਣਐਲਾਨੀ ਐਮਰਜੈਂਸੀ ਲਗਾ ਦਿੱਤੀ ਗਈ ਹੈ ਅਤੇ ਲੋਕਾਂ ਦੇ ਖੁੱਲੀ ਹਵਾ ਵਿੱਚ ਸਾਹ ਲੈਣ ਉੱਤੇ ਪਾਬੰਦੀ ਲਗਾਈ ਜਾ ਰਹੀ ਹੈ। ਜਰਮਨੀ ਦੇ ਸ਼ਾਸਕ ਐਡੋਲਫ ਹਿਟਲਰ ਵੱਲੋਂ ਵੀ ਇਸ ਤਰ੍ਹਾਂ ਆਪਣੇ ਦੇਸ਼ ਦੇ ਲੋਕਾਂ ਉੱਪਰ ਖੁੱਲੀ ਹਵਾ ਵਿੱਚ ਸਾਹ ਲੈਣ ਉੱਪਰ ਪਾਬੰਦੀ ਨਹੀਂ ਲਗਾਈ ਗਈ ਸੀ। ਅੱਧੀ ਰਾਤ ਨੂੰ ਦਾਰੂ ਦੇ ਨਸ਼ੇ ਵਿੱਚ ਪੁਲਿਸ ਵੱਲੋਂ ਕਿਸਾਨ ਦੇ ਘਰ ਵਿੱਚ ਮੌਜੂਦ ਸਿਰਫ ਦੋ ਹੀ ਔਰਤਾਂ ਹੋਣ ਦੇ ਬਾਵਜੂਦ ਪੁਲਿਸ ਵੱਲੋਂ ਆਪਣੇ ਨਾਲ ਕੋਈ ਵੀ ਮਹਿਲਾ ਮੁਲਾਜ਼ਮ ਨਾਂ ਹੋਣ ਦੇ ਸਮੇਂ ਵੀ ਮਰਦ ਪੁਲਿਸ ਮੁਲਾਜ਼ਮਾਂ ਵੱਲੋਂ ਪਿੰਡ ਪੱਕਾ ਜਿਲਾ ਫਰੀਦਕੋਟ ਵਿਖੇ ਤੇਜਾ ਸਿੰਘ ਦੇ ਘਰ ਛਾਪਾ ਮਾਰ ਕੇ ਘਰ ਵਿੱਚ ਮੌਜੂਦ ਔਰਤਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ। ਤੁਹਾਨੂੰ ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਸੂਬਾ ਸਰਕਾਰ ਵੱਲੋਂ ਵੱਡੇ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਕੇ ਖਨੌਰੀ ਅਤੇ ਸ਼ੰਭੂ ਸਰਹੱਦ ਤੋਂ ਕਿਸਾਨ ਮੋਰਚੇ ਨੂੰ ਜ਼ਬਰਦਸਤੀ ਖਤਮ ਕਰਨ ਤੋਂ ਬਾਅਦ ਕਿਸਾਨਾਂ ਵਿੱਚ ਗੁੱਸਾ ਹੈ ਅਤੇ ਇੱਕ ਦਿਨ ਪਹਿਲਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੇ ਫਰੀਦਕੋਟ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲਾ ਦੇ ਜੱਦੀ ਪਿੰਡ ਵਿੱਚ ਕਿਸਾਨ ਮੋਰਚਾ ਸ਼ੁਰੂ ਕੀਤਾ ਹੈ। ਇਸ ਮੋਰਚੇ ਨੂੰ ਮਜ਼ਬੂਤ ਹੋਣ ਤੋਂ ਰੋਕਣ ਲਈ, ਪੁਲਿਸ ਫਰੀਦਕੋਟ ਅਤੇ ਸੂਬੇ ਦੇ ਹੋਰ ਹਿੱਸਿਆਂ ਵਿੱਚ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰ ਰਹੀ ਹੈ।



## ਖਾੜਕੂ ਮਹਿਲ ਸਿੰਘ ਬੱਬਰ ਸ੍ਰੀ ਨਨਕਾਣਾ ਸਾਹਿਬ ਵਿਖੇ ਅਕਾਲ ਚਲਾਣਾ ਕਰ ਗਏ

**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)-** ਪਿਛਲੇ ਲੰਬੇ ਸਮੇਂ ਤੋਂ ਪਾਕਿਸਤਾਨ ਦੇ ਸ੍ਰੀ ਨਨਕਾਣਾ ਸਾਹਿਬ ਵਿਖੇ ਰਹਿ ਰਹੇ ਸਾਬਕਾ ਹਵਾਈ ਸੈਨਾ ਅਧਿਕਾਰੀ ਅਤੇ ਖਾੜਕੂ ਮਹਿਲ ਸਿੰਘ ਬੱਬਰ ਉਰਫ਼ ਬਾਵਾ ਭੱਟੀ ਦਾ 26 ਮਾਰਚ ਦੀ ਸ਼ਾਮ ਨੂੰ ਦਿਹਾਂਤ ਹੋ ਗਿਆ। ਕਿਡਨੀਆਂ ਦੀ ਖ਼ਰਾਬੀ ਕਾਰਨ ਲੰਬੇ ਸਮੇਂ ਤੋਂ ਉਨ੍ਹਾਂ ਦਾ ਲਾਹੌਰ ਦੇ ਇੱਕ ਨਿੱਜੀ ਹਸਪਤਾਲ ਤੋਂ ਡਾਕਟਰੀ ਇਲਾਜ ਚੱਲ ਰਿਹਾ ਸੀ, ਜਿੱਥੇ ਉਨ੍ਹਾਂ ਆਪਣਾ ਆਖ਼ਰੀ ਸਾਹ ਲਿਆ। ਸ੍ਰੀ ਨਨਕਾਣਾ ਸਾਹਿਬ ਦੇ ਇੱਕ ਸਿੱਖ ਆਗੂ ਨੇ ਫ਼ੋਨ ’ਤੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਕਈ ਵਰ੍ਹਿਆਂ ਤੱਕ ਲਾਹੌਰ ’ਚ ਰਹਿਣ ਤੋਂ ਬਾਅਦ ਬਾਵਾ ਭੱਟੀ ਹੁਣ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਤੰਬੂ ਸਾਹਿਬ ਵਿਖੇ ਭਾਰੀ ਸੁਰੱਖਿਆ ਹੇਠ ਰਹਿ ਰਹੇ ਸਨ। ਉਨ੍ਹਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਆਮ ਸੰਗਤ ਦੇ ਗੁਰਦੁਆਰਾ ਸਾਹਿਬ ’ਚ ਦਰਸ਼ਨਾਂ ਲਈ ਜਾਣ ਅਤੇ ਉੱਥੇ ਧਾਰਮਿਕ ਸਮਾਗਮ ਕਰਵਾਉਣ ’ਤੇ ਖੁਫ਼ੀਆ ਏਜੰਸੀ ਆਈ. ਐਸ. ਆਈ. ਵੱਲੋਂ ਸਖ਼ਤੀ ਨਾਲ ਰੋਕ ਲਗਾਈ ਗਈ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕਾਗ਼ਜ਼ੀ ਕਾਰਵਾਈ ਮੁਕੰਮਲ ਕਰਨਤੋਂ ਬਾਅਦ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਜਿੱਥੇ ਗ੍ਰੰਥੀ ਸਿੰਘ ਤੋਂ ਇਲਾਵਾ ਖੁਫ਼ੀਆ ਏਜੰਸੀ ਦੇ ਅਧਿਕਾਰੀ ਅਤੇ ਇੱਕ-ਦੋ ਪਾਕਿ ਸਿੱਖ ਆਗੂ ਹੀ ਹਾਜ਼ਰ ਰਹੇ। ਉਨ੍ਹਾਂ ਇਹ ਵੀ ਦੱਸਿਆ ਕਿ ਮਹਿਲ ਸਿੰਘ ਬੱਬਰ ਦੇ ਦਿਹਾਂਤ ਦੀ ਖ਼ਬਰ ਪੂਰੀ ਤਰ੍ਹਾਂ ਨਾਲ ਗੁਪਤ ਰੱਖੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਬੱਬਰ ਖ਼ਾਲਸਾ ਇੰਟਰਨੈਸ਼ਨਲ (ਰੇਸ਼ਮ ਸਿੰਘ ਸਮੂਹ) ਦੇ ਡਿਪਟੀ ਚੀਫ਼ ਮਹਿਲ ਸਿੰਘ ਨੂੰ ਸਾਲ 1990 ਤੋਂ ‘ਭਗੌੜਾ ਅਪਰਾਧੀ’ ਐਲਾਨਿਆ ਗਿਆ। ਉਹ ਅੰਮ੍ਰਿਤਸਰ, ਜਲੰਧਰ ਅਤੇ ਫਰੀਦਕੋਟ ਜ਼ਿਲ੍ਹਿਆਂ ’ਚ 5 ਅੱਤਵਾਦੀ ਘਟਨਾਵਾਂ ਦੇ ਸੰਬੰਧ ’ਚ ਪੁਲਿਸ ਅਤੇ ਸੁਰੱਖਿਆ ਹੈਜੰਸੀਆਂ ਨੂੰ ਲੋੜੀਂਦੇ ਸਨ ਅਤੇ ਉਹ 1993 ’ਚ ਪਾਕਿਸਤਾਨ ਚਲੇ ਗਏ ਸਨ। ਉਸ ਤੋਂ ਬਾਅਦ ਉਨ੍ਹਾਂ ਨੂੰ ਸਾਲ 2003 ’ਚ ਫਰਾਂਸ ’ਚ ਵੇਖਿਆ ਗਿਆ। ਜਿਸ ਤੋਂ ਬਾਅਦ ਪੰਜਾਬ ਪੁਲਿਸ ਵੱਲੋਂ ਉਨ੍ਹਾਂ ਦੀ ਹਵਾਲਗੀ ਦੀ ਕਾਰਵਾਈ ਸ਼ੁਰੂ ਕਰਦਿਆਂ ਮਹਿਲ ਸਿੰਘ ਦਾ ਵਿਸਤ੍ਰਿਤ ਅਪਰਾਧ ਰਿਕਾਰਡ ਇੰਟਰਪੋਲ ਨੂੰ ਭੇਜਿਆ ਗਿਆ ਪਰ ਬਾਅਦ ’ਚ ਕਿਹਾ ਗਿਆ ਕਿ ਉਹ ਵਾਪਸ ਪਾਕਿਸਤਾਨ ਚਲੇ ਗਏ ਹਨ।




## ਗੁਰਦਾਸ ਮਾਨ ਦਾ ਪੰਜਾਬ ਯੂਨੀਵਰਸਿਟੀ ’ਚ ਸ਼ੋਅ ਹੋਇਆ ਰੱਦ, ਭੜਕੇ ਵਿਦਿਆਰਥੀ, ਮਰਨ ਵਰਤ ’ਤੇ ਬੈਠੇ

**ਚੰਡੀਗੜ੍ਹ, 26 ਮਾਰਚ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਯੂਨੀਵਰਸਿਟੀ ਕੈਂਪਸ ਵਿੱਚ ਪੰਜਾਬੀ ਗਾਇਕ ਗੁਰਦਾਸ ਮਾਨ ਦਾ ਸ਼ੋਅ ਰੱਦ ਹੋਣ ਦੀ ਖ਼ਬਰ ਹੈ, ਜਿਸ ਤੋਂ ਬਾਅਦ ਕੈਂਪਸ ’ਚ ਭਾਰੀ ਹੰਗਾਮਾ ਵੇਖਣ ਨੂੰ ਮਿਲਿਆ ਹੈ। ਦੱਸ ਦਈਏ ਕਿ ਇਹ ਹਾਲ ਹੀ ਵਿੱਚ ਦੂਜਾ ਅਜਿਹਾ ਪ੍ਰੋਗਰਾਮ ਹੈ, ਜਿਸਨੂੰ ਰੱਦ ਕਰ ਦਿੱਤਾ ਗਿਆ। ਸ਼ੋਅ ਰੱਦ ਹੋਣ ਪਿੱਛੇ ’ਡੀਨ ਸਟੂਡੈਂਟਸ ਵੈਲਫ਼ੇਅਰ ਤੋਂ ਮਨਜ਼ੂਰੀ ਨਾ ਲੈਣਾ ਦੱਸਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਪੰਜਾਬੀ ਗਾਇਕ ਦਾ ਪ੍ਰੋਗਰਾਮ ਮੰਗਲਵਾਰ ਦੇਰ ਰਾਤ ਹੋਣਾ ਸੀ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਪ੍ਰੋਗਰਾਮ, ਪ੍ਰਬੰਧਕਾਂ ਵੱਲੋਂ ਯੂਟੀ ਪ੍ਰਸ਼ਾਸਨ ਤੋਂ ਇਜਾਜ਼ਤ ਨਾ ਲੈਣ ਕਾਰਨ ਰੱਦ ਕੀਤਾ ਗਿਆ ਹੈ। ਖਾਸ ਤੌਰ ’ਤੇ, ਸਮਾਗਮ ਦੀ ਇਜਾਜ਼ਤ ਨਾ ਮਿਲਣ ਦੇ ਬਾਵਜੂਦ, ਕੈਂਪਸ ਵਿੱਚ ਢੁਕਵੀਂ ਰੋਸ਼ਨੀ ਵਾਲਾ ਸਟੇਜ ਸਥਾਪਤ ਕੀਤਾ ਗਿਆ ਸੀ। ਹਾਲਾਂਕਿ, ਅਧਿਕਾਰੀਆਂ ਦਾ ਦਾਅਵਾ ਹੈ ਕਿ ਵਿਦਿਆਰਥੀਆਂ ਨੇ ਸਟੇਜ ਆਪਣੇ ਆਪ ਸਥਾਪਤ ਕੀਤੀ। ਡੀਨ ਸਟੂਡੈਂਟਸ ਵੈਲਫੇਅਰ (ਡੀਐਸਡਬਲਯੂ), ਪੰਜਾਬ ਯੂਨੀਵਰਸਿਟੀ ਨੇ ਕਿਹਾ, “ਪੰਜਾਬ ਯੂਨੀਵਰਸਿਟੀ (ਪੀਯੂ) ਹਮੇਸ਼ਾ ਵਿਦਿਆਰਥੀਆਂ ਵੱਲੋਂ ਆਯੋਜਿਤ ਤਿਉਹਾਰਾਂ ਅਤੇ ਸੱਭਿਆਚਾਰਕ ਸਮਾਗਮਾਂ ਦਾ ਸਮਰਥਨ ਕਰਨ ਅਤੇ ਉਤਸ਼ਾਹਿਤ ਕਰਨ ਲਈ ਵਚਨਬੱਧ ਰਹੀ ਹੈ। ਇਸ ਭਾਵਨਾ ਨਾਲ, ਉਕਤ ਸਮਾਗਮ ਲਈ ਇਜਾਜ਼ਤ ਚੰਡੀਗੜ੍ਹ ਪ੍ਰਸ਼ਾਸਨ ਤੋਂ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਕਰਨ ਦੇ ਅਧੀਨ ਦਿੱਤੀ ਗਈ ਸੀ। ਹਾਲਾਂਕਿ, ਇਹ ਸਮਾਗਮ ਨਹੀਂ ਹੋ ਸਕਿਆ ਕਿਉਂਕਿ ਸਬੰਧਤ ਵਿਦਿਆਰਥੀ, ਚੰਡੀਗੜ੍ਹ ਪ੍ਰਸ਼ਾਸਨ ਤੋਂ ਲੋੜੀਂਦੀਆਂ ਇਜਾਜ਼ਤਾਂ ਪ੍ਰਾਪਤ ਕਰਨ ਵਿੱਚ ਅਸਮਰੱਥ ਸਨ। ਇਸ ਲਈ ਵਿਦਿਆਰਥੀਆਂ ਨੂੰ ਅੱਜ ਆਪਣੇ ਜੋਖਮ ’ਤੇ ਸਟੇਜ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।” ਉਧਰ, ਸ਼ੋਅ ਰੱਦ ਹੋਣ ’ਤੇ ਵਿਦਿਆਰਥੀਆਂ ਨੇ ਗਾਇਕ ਦੇ ਪ੍ਰਦਰਸ਼ਨ ਲਈ ਬਣਾਏ ਗਏ ਸਟੇਜ ’ਤੇ ਵਿਰੋਧ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਯੂਨੀਵਰਸਿਟੀ ਅਧਿਕਾਰੀਆਂ ’ਤੇ ਜਾਣਬੁੱਝ ਕੇ ਸ਼ੋਅ ਰੱਦ ਕਰਨ ਦਾ ਦੋਸ਼ ਲਗਾਇਆ। ਸ਼ੋਅ ਰੱਦ ਹੋਣ ਦੇ ਵਿਰੋਧ ਵਿੱਚ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ ’ਤੇ 10 ਵਿਦਿਆਰਥੀਆਂ ਵੱਲੋਂ ਮਰਨ ਵਰਤ ਵੀ ਸ਼ੁਰੂ ਕੀਤਾ ਗਿਆ ਹੈ। ਵਿਦਿਆਰਥੀਆਂ ਦਾ ਇਹ ਮਰਨ ਵਰਤ ਦੇਰ ਰਾਤ ਤੋਂ ਚੱਲ ਰਿਹਾ ਹੈ ਅਤੇ ਇਸ ਦੌਰਾਨ ਕੁੱਝ ਵੀ ਨਹੀਂ ਖਾਧਾ-ਪੀਤਾ ਹੈ। ਵਿਦਿਆਰਥੀਆਂ ਦਾ ਕਹਿਣਾ ਸੀ ਕਿ ਇਹ ਪ੍ਰੋਗਰਾਮ DSW ਦੀ ਸਾਜ਼ਿਸ਼ ਕਰਕੇ ਰੱਦ ਕੀਤਾ ਗਿਆ ਹੈ। ਇਤਿਹਾਸ ਵਿੱਚ ਕਦੇ ਵੀ ਅਜਿਹਾ ਨਹੀਂ ਹੋਇਆ ਕਿ ਪੰਜਾਬ ਯੂਨੀਵਰਸਿਟੀ ਕੈਂਪਸ ਦੇ ਅੰਦਰ ਕਿਸੇ ਸ਼ੋਅ ਦੇ ਲਈ ਐਨਓਸੀ ਚੰਡੀਗੜ੍ਹ ਪ੍ਰਸਾਸ਼ਨ ਜਾਂ ਪੁਲਿਸ ਕੋਲੋਂ ਲੈਣੀ ਪਵੇ।






# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK


- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫਤਹਿ — ਅੰਮ੍ਰਿਤ ਛਕੋ ਸਿੰਘ ਸਜੋ - ਨਸ਼ੇ ਛੱਡੋ ਕੋਹੜ ਵੱਡੋ — ਪੰਥ ਕੀ ਜੀਤ

**ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਤਿੰਨ ਰੋਜ਼ਾ**

**ਮਹਾਨ ਗੁਰਮਤਿ ਸਮਾਗਮ**

ਗੁਰਦੁਆਰਾ ਸ੍ਰੀ ਨਾਮਦੇਵ ਭਵਨ, ਅਕਾਲਸਰ ਰੋਡ, ਮੋਗਾ ਵਿਖੇ ਮਿਤੀ 25-26-27 ਮਾਰਚ, 2025 ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਸ਼ਾਮ 6.00 ਤੋਂ 9.15 ਵਜੇ ਤੱਕ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਪੰਥ ਦੇ ਮਹਾਨ ਕੀਰਤਨ, ਕਥਾ ਵਾਚਕ, ਢਾਡੀ, ਕਵਿਸ਼ਰੀ ਸਿੰਘ ਹਾਜ਼ਰੀਆਂ ਭਰਨਗੇ ਇਸ ਹੋ ਰਹੇ ਮਹਾਨ ਗੁਰਮਤਿ ਸਮਾਗਮ ਵਿੱਚ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

ਮਿਤੀ 25 ਮਾਰਚ, 2025
ਦਿਨ ਮੰਗਲਵਾਰ
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਕਥਾ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ ਗਿਆਨੀ ਨਿਰਮਲ ਸਿੰਘ ਧੂਲਕੋਟ)

ਮਿਤੀ 26 ਮਾਰਚ, 2025
ਦਿਨ ਬੁੱਧਵਾਰ
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਭਾਈ ਸੁਖਵਿੰਦਰ ਸਿੰਘ ਢਾਡੀ ਜੱਥਾ)


ਮਿਤੀ 27 ਮਾਰਚ, 2025
ਦਿਨ ਵੀਰਵਾਰ
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ ਗਿਆਨੀ ਸੁਖਦੇਵ ਸਿੰਘ ਡੱਲਾ)







ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਸੁਖਦੇਵ ਸਿੰਘ ਡੱਲਾ



ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਨਿਰਮਲ ਸਿੰਘ ਧੂਲਕੋਟ

ਅੰਮ੍ਰਿਤ ਛਕੋ ਸਿੰਘ ਸਜੋ - ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ
ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਪੁੱਤਰੋ ਧੀਓ ਅੰਮ੍ਰਿਤ ਧਾਰੀ ਹੋ ਕੇ ਜੀਓ।

ਮਿਤੀ 28 ਮਾਰਚ, 2025 ਦਿਨ ਸ਼ੁਕਰਵਾਰ ਨੂੰ ਸਵੇਰੇ 11:30 ਵਜੇ ਮਹਾਨ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਪ੍ਰਾਣੀ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਕਕਾਰਾਂ ਦੀ ਸੇਵਾ ਫਰੀ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :
ਭਾਈ ਗੁਰਮੀਤ ਸਿੰਘ ਸਲੀਣਾ (UK) 73409-17046
ਭਾਈ ਹਰਮੇਲ ਸਿੰਘ ਮੋਗਾ 94171-39213

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਵੱਲੋਂ : ਗੁਰਦੁਆਰਾ ਨਾਮਦੇਵ ਭਵਨ ਪ੍ਰਬੰਧਕੀ ਕਮੇਟੀ, ਮੋਗਾ
ਮੋ: 99156-86386

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

**Important Note:** The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com

E-mail : gnstuk@hotmail.com


ੴ ਸਤਿਗੁਰ ਪ੍ਰਸਾਦਿ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ
ਪ੍ਰਗਟਿਓ ਖਾਲਸਾ ਅਤੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ
ਕਥਾ ਕੀਰਤਨ ਦਰਬਾਰ
ਮਿਤੀ 4, 5, 6, 7, 8 ਅਪ੍ਰੈਲ 2025 ਸਮਾਂ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ
ਪਿੰਡ ਮੜੌਲੀ ਕਲਾਂ (ਸ਼ਹਿਰ ਮੋਰਿੰਡਾ)
ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ
ਤਖਤ ਸ੍ਰੀ ਕੇਸਗੜ੍ਹ ਸਾਹਿਬ
ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ
ਸਾਬਕਾ ਜਥੇਦਾਰ
ਸੰਤ ਬਾਬਾ ਗੁਰਦਿਆਲ ਸਿੰਘ ਜੀ
ਟਾਂਡੇ ਵਾਲੇ
ਜਥੇਦਾਰ ਬਾਬਾ ਬਲਜੀਤ ਸਿੰਘ ਜੀ
ਦਾਦੂਵਾਲ ਸਾਹਿਬ
ਬਾਬਾ ਗੁਲਾਬ ਸਿੰਘ ਜੀ
ਸ੍ਰੀ ਚਮਕੌਰ ਸਾਹਿਬ
ਭਾਈ ਸੁਰਿੰਦਰਪਾਲ ਸਿੰਘ ਸੋਢੀ
ਮੋਰਿੰਡੇ ਵਾਲੇ
ਬੇਨਤੀ ਕਰਤਾ: ਦਾਸ ਸੁਰਿੰਦਰਪਾਲ ਸਿੰਘ ਸੋਢੀ (ਮੋਰਿੰਡੇ ਵਾਲੇ) ਅਤੇ ਸਮੂਹ ਨਗਰ ਨਿਵਾਸੀ ਸਾਧ ਸੰਗਤ ਪਿੰਡ ਮੜੌਲੀ ਕਲਾਂ 84373-90114


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
29ਵਾਂ ਸਲਾਨਾ ਜੋੜ ਮੇਲਾ
ਗੁਰਮਤਿ ਸਮਾਗਮ
ਧੰਨ-ਧੰਨ
ਮਾਤਾ ਸਾਹਿਬ ਕੌਰ ਜੀ
1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ
ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ
ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ,
ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ,
ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।
ਨੋਟ : ਇਹ ਸਮਾਗਮ 13 ਦਿਨ ਚੱਲੇਗਾ
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।
ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404
ਸੰਪਰਕ ਨੰਬਰ
98141-27470
84278-66404
73408-35137


ਸੱਦਾ ਪੱਤਰ
ਤਪ ਅਸਥਾਨ ਨਿਰਮਲ ਕੁਟੀਆ
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ
ਧੰਨ ਧੰਨ ਬਾਬਾ ਹਾਕਮ ਸਿੰਘ ਜੀ ਕੁੱਲੀ ਵਾਲਿਆਂ ਦਾ
ਜਨਮ ਦਿਹਾੜੇ ਨੂੰ ਸਮਰਪਿਤ ਮਿੱਠੀ ਯਾਦ ਵਿਚ ਤਪ
ਅਸਥਾਨ ਨਿਰਮਲ ਕੁਟੀਆ ਦਸਮੇਸ਼ ਨਗਰ ਵਿਖੇ
29 ਮਾਰਚ 2025 (16 ਚੇਤਰ) ਸ਼ਨੀਵਾਰ ਨੂੰ
ਮਨਾਇਆ ਜਾ ਰਿਹਾ ਹੈ।ਆਪ ਜੀ ਨੇ ਪਰਿਵਾਰਾਂ ਸਮੇਤ ਸਮਾਗਮਾਂ ਵਿੱਚ
ਹਾਜ਼ਰੀਆਂ ਭਰਨੀਆਂ ਅਤੇ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ
ਬੇਨਤੀ ਕਰਤਾ: ਇੰਟਰਨੈਸਨਲ ਪੰਥਕ ਦਲ
ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਾਰੀ ਪੰਜਾਬ ਪ੍ਰਧਾਨ
ਸੰਤ ਬਾਬਾ ਪ੍ਰਤਾਪ ਸਿੰਘ ਜੀ ਗੋਬਿੰਦ ਬਾਗ ਵਾਲੇ
ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ
ਸੰਤ ਬਾਬਾ ਪ੍ਰਤਾਪ ਸਿੰਘ ਜੀ ਗੋਬਿੰਦ ਬਾਗ ਵਾਲੇ 11 ਤੋਂ 12 ਵਜੇ ਤੱਕ ਦੀਵਾਨ ਸਜਾਉਣਗੇ।
ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)





## ਹੋਲੇ ਮਹੱਲੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ

## 30 ਮਾਰਚ (ਦਿਨ ਐਤਵਾਰ)

**ਆਰੰਭਤਾ ਦੁਪਹਿਰ 12 ਵਜੇ**
**ਸਮਾਪਤੀ ਸਮਾਰੋਹ ਸ਼ਾਮ 5 ਵਜੇ ਹੋਵੇਗਾ**

ਗੁਰਤਾਗੱਦੀ ਦਿਵਸ : ਧੰਨ ਸ਼੍ਰੀ ਗੁਰੂ ਅਰਜਨ ਦੇਵ ਸਾਹਿਬ ਜੀ, ਗੁਰਤਾਗੱਦੀ ਦਿਵਸ : ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਏ ਜਾਣਗੇ।



☛ ਵੀਰਵਾਰ 27 ਮਾਰਚ ਸ਼ਾਮ ਨੂੰ 5 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ । ☛ ਸ਼ੁੱਕਰਵਾਰ 28 ਮਾਰਚ ਸ਼ਾਮ ਨੂੰ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ ☛ ਸ਼ਨਿੱਚਰਵਾਰ 29 ਮਾਰਚ ਸ਼ਾਮ 5 ਵਜੇ ਭੋਗ ਅਰੰਭ ਹੋਣਗੇ ਭੋਗ ਪੈਣ ਉਪਰੰਤ 8 ਵਜੇ ਤੱਕ ਦੀਵਾਨ ਸਜਣਗੇ। ☛ ਐਤਵਾਰ 30 ਮਾਰਚ 2025 ਨੂੰ 6:30 ਵਜੇ ਸਵੇਰੇ ਚੁਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਪੁਹੰਚ ਰਹੇ ਜਥੇ ਕਵੀਸ਼ਰੀ ਜਥਾ, ਕੀਰਤਨ ਜਥਾ, ਕਥਾ ਵਾਚਕ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਤਰ੍ਹਾਂ-ਤਰ੍ਹਾਂ ਦੇ ਸਟਾਲ ਵੀ ਲੱਗਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢ ਕੇ ਇਹਨਾ ਸਮਾਗਮਾਂ ਵਿੱਚ ਪੁਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


ਕਰੋ ਕਿਰਪਾ ਨਿਧਿ ਬਚਨ ਅਮੋਲਾ ॥ ਔਰਨ ਕੀ ਹੋਲੀ ਮਮ ਹੋਲਾ ॥
ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ
ਦਮਦਮੀ ਟਕਸਾਲ ਇਟਲੀ
ਘੜੀਐ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
ਹੋਲੇ ਮਹੱਲੇ ਨੂੰ ਸਮਰਪਿਤ
ਮਹਾਨ ਨਗਰ ਕੀਰਤਨ
30 ਮਾਰਚ 2025 ਦਿਨ ਐਤਵਾਰ ਨੂੰ ਸਜਾਏ ਜਾ ਰਹੇ ਹਨ|
ਸਮਾਂ : 12 ਵਜੇ ਤੋ ਸ਼ਾਮ 5 ਵਜੇ ਤੱਕ
ਆਪ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਪੁਹੁੰਚਣ ਦੀ ਕਿਰਪਾਲਤਾ ਕਰਨੀ|
ਕੌਮ ਦੇ ਮਹਾਨ ਰਾਗੀ ਢਾਡੀ, ਕਥਾਵਾਚਕ ਪੁਹੁੰਚ ਰਹੇ ਹਨ|
ਆਵਾਜ਼ਿ ਕੌਮ AWAZE QAUM
International Newspaper & WEB TV
VIA GIACOMO MATTEOTTI N.3
CASALMORANO, CR, 26020, IT
EMAIL: GUR.DAMDAMITAKSAALITALY@GMAIL.COM
CALL +393475711755 / 3208124778







## ਪੰਥ ਬਚਾਓ ਪੰਜਾਬ ਬਚਾਓ

## ਉੱਠੋ ! ਜਾਗੋ ! ਹੰਭਲਾ ਮਾਰੋ, ਆਪਣਾ ਦੇਸ਼ ਪੰਜਾਬ ਸਵਾਰੋ

# ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥ ਅਤੇ ਪੰਜਾਬ ਨੂੰ ਬਚਾਉਣ ਦੀ ਅਪੀਲ

### ਪੰਜਾਬ ਦੇ ਸੂਝਵਾਨ ਅਤੇ ਸੋਚਵਾਨ ਭੈਣੋਂ ਅਤੇ ਭਰਾਵੋ

ਅੱਜ ਪੰਥ ਅਤੇ ਪੰਜਾਬ ਦੀ ਜੋ ਦੁਰਦਸ਼ਾ ਧਾਰਮਿਕ ਅਤੇ ਸਿਆਸੀ ਲੋਕਾਂ ਨੇ ਕੀਤੀ ਹੈ, ਇਸ ਤੋਂ ਤੁਸੀਂ ਭਲੀ ਭਾਂਤ ਜਾਣੂ ਹੋ। ਇਹਨਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਪੰਜਾਬ ਦਾ ਦਰਦ ਰੱਖਣ ਵਾਲੇ ਲੋਕਾਂ ਨੇ ਵਾਰਿਸ ਪੰਜਾਬ ਦੇ ਬਣ ਕੇ ਤੁਹਾਡਾ ਸਹਿਯੋਗ ਮੰਗਿਆ ਹੈ, ਕਿ ਆਉ ਰਲ ਕੇ ਬੈਠੀਏ ਤੇ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨ ਕਰੀਏ। ਇਹ ਇਕੱਲੇ ਜਾਂ ਦੋ ਚਾਰਾ ਬੰਦਿਆ ਦਾ ਕੰਮ ਨਹੀਂ ਬਲਕਿ ਸਮੁੱਚੇ ਪੰਜਾਬ ਨੂੰ 'ਪੰਜਾਬ ਦਾ ਵਾਰਿਸ' ਬਣਨਾ ਪਵੇਗਾ । ਇਸ ਲਈ ਅਪੀਲ ਕਰਦੇ ਹਾਂ ਕਿ ਹੇਠ ਲਿਖੇ ਮੁੱਦਿਆਂ ਤੇ ਇੱਕ ਮੱਤ ਹੋ ਕੇ ਇਹਨਾਂ ਨੂੰ ਸੁਲਝਾਉਣ ਦਾ ਯਤਨ ਕਰੀਏ ਅਤੇ ਹਰੇਕ ਪੰਜਾਬ ਵਾਸੀ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜੋ ਵੀ ਵਿਚਾਰ 'ਪੰਥ ਅਤੇ ਪੰਜਾਬ' ਨੂੰ ਬਚਾਉਣ ਲਈ ਉਹਨਾਂ ਦੇ ਜ਼ਿਹਨ ਵਿੱਚ ਆਉਂਦੇ ਹਨ ਉਹ 14 ਅਪ੍ਰੈਲ 2025 ਵਿਸਾਖੀ ਵਾਲੇ ਦਿਨ 'ਤਖ਼ਤ ਸ੍ਰੀ ਦਮਦਮਾ ਸਾਹਿਬ', ਤਲਵੰਡੀ ਸਾਬੋ ਵਿਖੇ ਕਾਨਫ਼ਰੰਸ ਵਿੱਚ ਸ਼ਾਮਿਲ ਹੋ ਕੇ ਲਿਖਤੀ ਰੂਪ ਵਿੱਚ ਦੇਵੋ ਜੀ।

### ਧਾਰਮਿਕ ਮਸਲੇ :-

1. ਅਕਾਲ ਤਖ਼ਤ ਸਾਹਿਬ ਦੀ ਸਰਵ ਉੱਚਤਾ
2. ਸ਼੍ਰੋਮਣੀ ਕਮੇਟੀ ਦੀ ਬਣਤਰ
3. ਸਿੱਖ ਵਿੱਦਿਅਕ ਬੋਰਡ
4. ਸਿੰਘ ਸਹਿਬਾਨਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ
5. ਸ਼੍ਰੋਮਣੀ ਕਮੇਟੀ ਦੇ ਕਾਰਜ
6. ਬੰਦੀ ਸਿੰਘਾਂ ਦੀ ਰਿਹਾਈ
7. ਬੇਅਦਬੀ ਘਟਨਾਵਾਂ ਦੀ ਰੋਕ ਅਤੇ ਇਨਸਾਫ਼
8. ਪੰਜਾਬ ਤੋਂ ਬਾਹਰ ਦੇ ਗੁਰੂਦੁਆਰਿਆਂ ਦੀ ਸਾਂਭ ਸੰਭਾਲ



### ਪੰਜਾਬ ਦੇ ਮਸਲੇ :-

1. ਨਸ਼ਿਆਂ ਤੋਂ ਮੁਕਤੀ ਲਈ ਸੁਝਾਅ
2. ਬੇਰੁਜ਼ਗਾਰੀ, ਸਵੈ-ਰੁਜ਼ਗਾਰੀ ਦੇ ਪ੍ਰਬੰਧ
3. ਕਿਸਾਨੀ ਪੈਦਾਵਾਰ, ਫਸਲੀ ਵਿਭਿੰਨਤਾ ਅਤੇ ਮੰਡੀਕਰਨ
4. ਵਿੱਦਿਆ ਦਾ ਪ੍ਰਬੰਧ
5. ਜਨਤਕ ਸਿਹਤ ਦਾ ਸਮੁੱਚਾ ਪ੍ਰਬੰਧ
6. ਲਾਲ ਲਕੀਰ ਮੰਦਰ ਆਉਂਦੀ ਜਾਇਦਾਦ ਦੀ ਮਲਕੀਅਤ
7. ਲੋਕ ਸੁੱਰਖਿਆ, ਫਿਰੌਤੀਆਂ ਰੋਕਣ ਦਾ ਪ੍ਰਬੰਧ
8. ਖੇਤੀ ਸਿੰਚਾਈ ਢਾਂਚਾ
9. ਧਰਤੀ ਹੇਠ ਖਤਮ ਹੋ ਰਹੇ ਪਾਣੀ ਦਾ ਪ੍ਰਬੰਧ
10. ਕਿਸਾਨ ਖ਼ੁਦਕੁਸ਼ੀ ਅਤੇ ਕਰਜ਼ਾ ਮੁਕਤੀ
11. ਉਦਯੋਗ ਵਿਕਾਸ
12. ਬਿਜਲੀ ਪ੍ਰਬੰਧ
13. ਵਾਤਾਵਰਣ ਪ੍ਰਦੂਸ਼ਨ
14. ਪੰਜਾਬ ਤੋਂ ਵਿਦੇਸ਼ਾਂ ਵਿੱਚ ਪ੍ਰਵਾਸ ਅਤੇ ਪੰਜਾਬ ਵਿੱਚ ਦੂਜੇ ਰਾਜਾਂ ਤੋਂ ਪ੍ਰਵਾਸ
15. ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ
16. ਰਾਜਾਂ ਦੇ ਵੱਧ ਅਧਿਕਾਰ
17. ਪੰਜਾਬ ਦੀ ਆਰਥਿਕ ਵਿਵਸਥਾ
18. ਸਹਿਕਾਰਤਾ ਖੇਤਰ ਦਾ ਵਿਕਾਸ
19. ਪੀਣ ਵਾਲੇ ਸ਼ੁੱਧ ਪਾਣੀ ਦਾ ਪ੍ਰਬੰਧ
20. ਅੰਤਰ-ਰਾਜੀ ਜਲ ਸਮਝੌਤੇ
21. ਪੰਜਾਬੀ ਬੋਲੀ ਅਤੇ ਸੱਭਿਆਚਾਰ
22. ਖਾਣ ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਖੋਰੀ
23. ਪਿੰਡਾਂ ਅਤੇ ਸ਼ਹਿਰਾਂ ਦੇ ਗੰਦੇ ਪਾਣੀ ਦਾ ਨਿਕਾਸ
24. ਧਰਤੀ ਹੇਠ ਪ੍ਰਦੂਸ਼ਿਤ ਹੋ ਰਿਹਾ ਪਾਣੀ ਅਤੇ ਦਰਿਆਵਾਂ, ਨਹਿਰਾਂ ਵਿੱਚ ਪੈ ਰਹੇ ਪ੍ਰਦੂਸ਼ਿਤ ਪਾਣੀ ਦਾ ਟਰੀਟਮੈਂਟ ਪਲਾਂਟ ਪ੍ਰਬੰਧ
25. ਹੁਸੈਨੀ ਵਾਲਾ ਅਤੇ ਵਾਹਗਾ ਬਾਡਰ ਰਾਹੀਂ ਖੁੱਲ੍ਹਾ ਵਪਾਰ
26. ਮਨਰੇਗਾ ਵਿੱਚ ਰੋਜ਼ਗਾਰ ਦੇ ਵਿਸਥਾਰ ਬਾਰੇ



ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀ ਅਕਾਲ ਸਹਾਇ

ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ (ਰਜਿ.)
Gurmat Sidhant Parcharak Sant Samaj (Regd.)

ਮੁੱਖ ਦਫ਼ਤਰ : ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਪਿੰਡ ਤੇ ਡਾਕਖਾਨਾ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ - 143114 (ਪੰਜਾਬ)
H.O.: Gurdwara Gurdarshan Parkash, V.P.O. Mehta, Distt. Amritsar - 143114 (Punjab)

# ਰੋਸ ਧਰਨੇ ਲਈ 28 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਗੋਲਡਨ ਗੇਟ ਸ੍ਰੀ ਅੰਮ੍ਰਿਤਸਰ ਤੋਂ ਕਾਫਲੇ ਦੇ ਰੂਪ 'ਚ ਚੱਲਿਆ ਜਾਵੇਗਾ : ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਮਿਤੀ 14 ਮਾਰਚ 2025 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਪੰਥਕ ਇਕੱਤਰਤਾ ਵਿੱਚ ਲਏ ਗਏ ਫੈਸਲੇ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਨਮਾਨ ਦੀ ਬਹਾਲੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਮੌਕੇ **28 ਮਾਰਚ ਦਿਨ ਸ਼ੁਕਰਵਾਰ ਸਵੇਰੇ 11:30 ਵਜੇ ਸ੍ਰ. ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ** ਵਿਖੇ **ਰੋਸ ਧਰਨਾ** ਦਿੱਤਾ ਜਾਵੇਗਾ। ਆਪ ਜੀ ਨੇ ਆਪਣੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਨਾਲ ਲੈ ਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

ਨੋਟ:- ਗੋਲਡਨ ਗੇਟ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸਵੇਰੇ 11 ਵਜੇ ਕਾਫਲੇ ਦੇ ਰੂਪ ਵਿੱਚ ਚਲਿਆ ਜਾਵੇਗਾ। ਕਿਰਪਾ ਕਰਕੇ ਸਮੇਂ ਸਿਰ ਪਹੁੰਚਿਆ ਜਾਵੇ ਜੀ।



ਹਰਨਾਮ ਸਿੰਘ ਖਾਲਸਾ
ਗੁਰੂ ਪੰਥ ਦਾ ਦਾਸ:
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ।

**ਸਮੂਹ ਸੰਗਤਾਂ ਪਰਿਵਾਰਾਂ ਸਮੇਤ ਕਾਫਲੇ 'ਚ ਸ਼ਾਮਲ ਹੋ ਕੇ ਰੋਸ ਧਰਨੇ 'ਚ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ**

ਆਵਾਜ਼ਿ ਕੌਮ AWAZE QAUM International Newspaper & WEB TV

Tel.: 01853-256426, (M) 98158-00904


ਤਖਤ ਸਾਹਿਬਾਨਾਂ ਦੇ ਸਿੰਘ ਸਾਹਿਬਾਨ ਦੀ ਬਹਾਲੀ ਲਈ
ਰੋਸ ਧਰਨਾ
28 ਮਾਰਚ 2025, ਦਿਨ ਸ਼ੁੱਕਰਵਾਰ ਨੂੰ
ਸ੍ਰ: ਤੇਜਾ ਸਿੰਘ ਸਮੁੰਦਰੀ ਹਾਲ
ਸ੍ਰੀ ਅੰਮ੍ਰਿਤਸਰ ਪੁੱਜੋ
ਵੱਲੋਂ: ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਜਥਾ ਭਿੰਡਰਾਂ ਮਹਿਤਾ, ਪ੍ਰਧਾਨ ਸੰਤ ਸਮਾਜ


ਸਿੱਖ ਮਸਲਿਆਂ ਸਬੰਧੀ ਵਿਸ਼ੇਸ਼ ਇਕੱਤਰਤਾ
ਗਿਆਨੀ ਸ.ਹਰਪ੍ਰੀਤ ਸਿੰਘ
ਵਿਸ਼ੇਸ਼ ਤੌਰ 'ਤੇ ਨਿਊਯਾਰਕ ਪਹੁੰਚ ਰਹੇ ਹਨ
25 ਮਾਰਚ ਤੋਂ 30 ਮਾਰਚ 2025 ਤੱਕ ਵੱਖ-ਵੱਖ ਨਿਊਯਾਰਕ ਦੇ
ਗੁਰਦੁਆਰਿਆਂ 'ਚ ਸਿੱਖ ਮਸਲਿਆਂ ਨੂੰ ਲੈ ਕੇ ਸੰਗਤਾਂ ਨੂੰ ਸੰਬੋਧਨ ਕਰਨਗੇ।
ਗਿਆਨੀ ਹਰਪ੍ਰੀਤ ਸਿੰਘ ਜੀ ਦਾ
ਅਕਾਲੀ ਫੂਲਾ ਸਿੰਘ ਐਵਾਰਡ
ਨਾਲ ਕੀਤਾ ਜਾਵੇਗਾ ਸਨਮਾਨ
ਵਿਸ਼ੇਸ਼ ਇਕੱਤਰਤਾ
29 ਮਾਰਚ 2025 ਦਿਨ ਸ਼ਨਿੱਚਰਵਾਰ ਨੂੰ
ਸ਼ਾਮ 4:00 ਵਜੇ ਤੋਂ 6:00 ਵਜੇ ਤੱਕ ਹੋਵੇਗੀ
ਸਿੱਖ ਮਸਲਿਆਂ ਨੂੰ ਮੁੱਖ ਰੱਖਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਜੀ ਨਾਲ ਵਿਸ਼ੇਸ਼ ਗੱਲਬਾਤ
ਕਰਨ ਲਈ ਸਿੱਖ ਪੰਥਕ ਦਰਦੀਆਂ ਨੂੰ ਸਮੇਂ 'ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।
ਟਰਾਈ ਸਟੇਟ ਦੇ ਸਾਰੀਆਂ ਗੁਰੂਘਰ ਦੀਆਂ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਦੇ
ਸਹਿਯੋਗ ਨਾਲ ਸਿੱਖ ਮਸਲਿਆਂ ਸਬੰਧੀ ਸਾਂਝੀ ਵਿਸ਼ੇਸ਼ ਇਕੱਤਰਤਾ ਰੱਖੀ ਗਈ ਹੈ

### ਸੁਸ਼ਾਂਤ ਸਿਟੀ-2 ਦਾ ਖੇਡ ਅਤੇ ਸੱਭਿਆਚਾਰਕ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

# ਓਵਰ ਆਲ ਟਰਾਫ਼ੀ ਸੁਸ਼ਾਂਤ ਸਿਟੀ-2 ਨੇ ਜਿੱਤੀ








**ਬਠਿੰਡਾ, 26 ਮਾਰਚ (ਗੁਰਜੰਟ ਸਿੰਘ ਨਥੇਹਾ)-** ਬਠਿੰਡਾ ਦੇ ਮਾਨਸਾ ਰੋਡ ਉੱਪਰ ਸਥਿਤ ਸੁਸ਼ਾਂਤ ਸਿਟੀ-2 ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਯਾਦਗਾਰੀ ਖੇਡ ਅਤੇ ਸਭਿਆਚਾਰਕ ਮੇਲਾ ਕਰਵਾਇਆ ਗਿਆ। ਇਹ ਮੇਲਾ ਬਠਿੰਡਾ ਸ਼ਹਿਰ ਦੀਆਂ ਸਾਰੀਆਂ ਪ੍ਰਾਈਵੇਟ ਰਿਹਾਇਸ਼ੀ ਕਾਲੋਨੀਆਂ ਵਿੱਚ ਕਰਵਾਇਆ ਗਿਆ। ਇਸ ਵਿਚ ਵੱਡੀ ਗਿਣਤੀ ਵਿੱਚ ਦਰਸ਼ਕਾਂ ਤੇ ਖਿਡਾਰੀਆਂ ਨੇ ਹਿੱਸਾ ਲਿਆ। ਤਿੰਨ ਰੋਜ਼ਾ ਖੇਡ ਮੇਲੇ ਦਾ ਉਦਘਾਟਨ ਰੈਜੀਡੈਂਟਸ ਸੁਸ਼ਾਂਤ ਸਿਟੀ-2 ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਿਰਮਲ ਸਿੰਘ ਮਾਨ ਅਤੇ ਸਮੂਹ ਮੈਂਬਰਾਂ ਵੱਲੋਂ ਕੀਤਾ ਗਿਆ। ਇਸ ਮੌਕੇ ਸਿਲਵਰ ਓਕਸ ਸਕੂਲ ਦੇ ਵਿਦਿਆਰਥੀਆਂ ਵੱਲੋਂ ਭੰਗੜਾ ਪੇਸ਼ ਕੀਤਾ ਗਿਆ। ਇਸ ਖੇਡ ਮੇਲੇ ਵਿੱਚ ਬੈਡਮਿੰਟਨ, ਵਾਲੀਬਾਲ, ਦੌੜਾਂ, ਰੱਸਾਕਸੀ ਅਤੇ ਸਕੇਟਿੰਗ ਦੇ ਮੁਕਾਬਲੇ ਕਰਵਾਏ ਗਏ। ਮੁਕਾਬਲਿਆ ਦੌਰਾਨ ਵਾਲੀਬਾਲ ਵਿੱਚ ਸੁਸ਼ਾਂਤ ਸਿਟੀ-2 ਅਤੇ ਰੱਸਾ ਕੱਸੀ ਵਿੱਚ ਸੁਸ਼ਾਂਤ ਸਿਟੀ-1 ਦੀਆਂ ਟੀਮਾਂ ਜੇਤੂ ਰਹੀਆਂ। ਬੈਡਮਿੰਟਨ ਵਿੱਚ ਸੁਸ਼ਾਂਤ ਸਿਟੀ-2, ਸੁਸ਼ਾਂਤ ਸਿਟੀ-1 ਅਤੇ ਗਣਪਤੀ ਇਨਕਲੇਵ ਦੇ ਖਿਡਾਰੀਆਂ ਵਿੱਚ ਫਸਵੇਂ ਮੁਕਾਬਲੇ ਹੋਏ। 100 ਮੀਟਰ ਦੌੜਾਂ 30 ਤੋਂ 35 ਸਾਲ ਕੁੜੀਆਂ, 40-50, 50-60 ਮੁੰਡੇ ਅੰਡਰ 7, 9, 11, 14 ਮੁੰਡੇ ਅਤੇ 200 ਮੀਟਰ ਮੁੰਡੇ-ਕੁੜੀਆ ਅੰਡਰ 17, 400 ਮੀਟਰ ਅੰਡਰ-17 ਮੁੰਡੇ-ਕੁੜੀਆਂ, ਅੰਡਰ-14 ਮੁੰਡੇ 400 ਮੀਟਰ, 200 ਮੀਟਰ 40-50, 50-60 ਮੁੰਡੇ, 60+ਪੈਦਲ ਚਾਲ ਲੇਡੀਜ਼ ਉੱਪਰ ਸੁਸ਼ਾਂਤ ਸਿਟੀ-2 ਦੇ ਖਿਡਾਰੀਆਂ ਦਾ ਭਾਰੀ ਦਬਦਬਾ ਰਿਹਾ। ਸਕੇਟਿੰਗ ਵਿਚ ਵੀ ਸੁਸ਼ਾਂਤ ਸਿਟੀ-2 ਦੇ ਖਿਡਾਰੀ ਭਾਰੂ ਰਹੇ। ਤੀਜੇ ਦਿਨ ਸਭਿਆਚਾਰਕ ਪ੍ਰੋਗਰਾਮ ਵਿੱਚ ਲੋਕ ਗਾਇਕ ਆਰ ਡੀ ਮਾਨ, ਰਮੇਸ਼ ਹੀਰਾ, ਹਰਪ੍ਰੀਤ ਮਾਣਕ, ਰਾਜ ਬਾਦਸ਼ਾਹ ਅਤੇ ਹੋਰ ਕਲਾਕਾਰਾਂ ਨੇ ਆਪਣੇ ਗੀਤਾਂ ਰਾਹੀਂ ਦੇਸ਼ ਭਗਤੀ ਦੇ ਗੀਤ ਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪ੍ਰੋਗਰਾਮ ਦੇ ਅਖੀਰ ਵਿਚ ਬਖਸ਼ੀਸ਼ ਸਿੰਘ ਜੀ ਨੇ ਜਾਦੂ ਦੇ ਟਰਿੱਕ ਦਿਖਾ ਕੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਮੇਲੇ ਦੌਰਾਨ ਐਮ.ਐਲ.ਏ ਜਗਰੂਪ ਸਿੰਘ ਗਿੱਲ, ਇੰਜੀਨੀਅਰ ਬਲਦੇਵ ਸਿੰਘ ਸਰਾਂ ਸਾਬਕਾ ਚੇਅਰਮੈਨ ਪੀ.ਐਸ.ਪੀ.ਸੀ.ਐਲ, ਮੇਅਰ ਪਦਮਜੀਤ ਸਿੰਘ ਮਹਿਤਾ, ਸ. ਨਰਿੰਦਰ ਸਿੰਘ ਐਸ.ਪੀ (ਸਿਟੀ), ਲੋਕ ਗਾਇਕ ਗੁਰਵਿੰਦਰ ਬਰਾੜ, ਸੰਦੀਪ ਠਕਰਾਲ ਅਤੇ ਰਾਜਦੀਪ ਸਿੰਘ ਕਾਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਅਖੀਰ ਵਿੱਚ ਸੁਸ਼ਾਂਤ ਸਿਟੀ-2 ਸਪੋਰਟਸ ਕਲੱਬ ਦੇ ਪ੍ਰਧਾਨ ਹਰਕਮਲਪ੍ਰੀਤ ਸਿੰਘ ਸਿੱਧੂ ਵੱਲੋਂ ਟੂਰਨਾਮੈਂਟ ਦੀ ਸਫਲਤਾ ਲਈ ਸਾਰਿਆਂ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

### ਹਾਈਕੋਰਟ ਵਿਖੇ 1984 ਸਿੱਖ ਕਤਲੇਆਮ ਦੀ ਹੋਈ ਸੁਣਵਾਈ

# ਅਗਲੀ ਪੇਸੀ 1 ਮਈ ਨੂੰ

2 ਨਵੰਬਰ1984 ਨੂੰ ਹਰਿਆਣੇ ਦੇ ਸ਼ਹਿਰ ਗੁੜਗਾਉਂ ਪਟੌਦੀ ਵਿਖੇ ਵਹਿਸੀਆਨਿ ਭੀੜ ਨੇ 297 ਘਰਾਂ ਨੂੰ ਅੱਗ ਲਗਾ ਕੇ ਸਾੜ ਫੂਕ ਦਿੱਤਾ ਸੀ ਅਤੇ 47 ਸਿੱਖਾਂ ਨੂੰ ਜਖਮੀ ਕਰਕੇ ਮੁਕਾਇਆ ਸੀ ਇਸ ਦੀ ਹਾਈਕੋਰਟ ਵਿਖੇ ਗੁੜਗਾਉ ਪਟੌਦੀ ਚ 47 ਸਿੱਖਾ ਦੇ ਕਤਲੇਆਮ ਮਾਮਲੇ ਦੀ ਅਗਲੀ ਪੇਸੀ 1 ਮਈ 2025 ਨੂੰ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਹੋਦ ਚਿੱਲੜ ਵਿੱਚ 32 ਸਿੱਖਾ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ ਨਾਲ ਹੁਣ ਗੁੜਗਾਉ ਅਤੇ ਪਟੌਦੀ ਚ ਹੋਏ ਸਿੱਖਾ ਦੇ 47 ਕਤਲੇਆਮ ਤੇ ਹੋਰ ਪੀੜਤਾਂ ਦੇ ਮਾਮਲਿਆਂ ਨੂੰ ਨਿਆ ਤੇ ਇਨਸਾਫ਼ ਦਿਵਾਉਣ ਲਈ ਕਾਨੂੰਨੀ ਚਾਰਾਜੋਈ ਰਾਹੀਂ ਮੁੱਦਾ ਚੁੱਕਿਆ ਹੈ ਉਨ੍ਹਾਂ ਭਰੇ ਮਨ ਨਾਲ ਦੱਸਿਆ ਕਿ 2 ਨਵੰਬਰ 1984 ਨੂੰ ਹਰਿਆਣੇ ਦੇ ਸਹਿਰ ਗੁੜਗਾਉ ਪਟੌਦੀ ਵਿਖੇ ਵਹਿਸੀਆਨਾ ਭੀੜ ਨੇ 297 ਘਰਾ ਨੂੰ ਅੱਗ ਲਗਾ ਕਿ ਸਾੜ ਫੂਕ ਦਿੱਤਾ ਸੀ ਅਤੇ 47 ਸਿੱਖਾ ਨੂੰ ਜਖਮੀ ਕਰਕੇ ਮਾਰ ਮੁਕਾਇਆ ਸੀ। ਉਨ੍ਹਾਂ ਕਿਹਾ ਕਿ ਹੋਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਵਿਸ਼ੇਸ਼ ਯਤਨਾਂ ਸਦਕਾ ਮਾਣਯੋਗ ਪੰਜਾਬ ਹਰਿਆਣਾ ਹਾਈਕੋਰਟ ਵਿਖੇ ਰਿੱਟ ਨੰਬਰ 10904 ਮੌਕੇ ਦੇ ਗਵਾਹ ਤੇ ਪੀੜਤ ਸੰਤੋਖ ਸਿੰਘ ਸਾਹਨੀ ਅਤੇ ਹਾਈਕੋਰਟ ਦੇ ਸੀਨੀਅਰ ਵਕੀਲ ਰਾਹੀਂ ਕੋਰਟ ਵਿੱਚ 133 ਪਟੀਸਨਰਾ ਲਾਈਆਂ ਗਈਆਂ ਸਨ। ਹੋਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ ਸੱਜਣ ਕੁਮਾਰ ਨੂੰ 4 ਦਹਾਕਿਆਂ ਬਾਅਦ ਮਿਲੀ ਉਮਰ ਕੈਦ ਦੀ ਸਜ਼ਾ ਹੋਣ ਤੋਂ ਬਾਅਦ 1984 ਹੋਦ ਚਿੱਲੜ ਗੜਵਾਉ ਪਟੌਦੀ ਹਰਿਆਣਾ ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਭਾਰਤੀ ਨਿਆ ਪ੍ਰਣਾਲੀ ਤੇ ਇਨਸਾਫ਼ ਦੀ ਕਿਰਨ ਜਾਗੀ ਹੈ ਉਨ੍ਹਾਂ ਭਰੇ ਮਨ ਨਾਲ ਕਿਹਾ ਕਿ ਵਹਿਸੀਆਨਾ ਕਤਲੇਆਮ ਭੀੜ ਨੇ ਦਿੱਲੀ ਤੋਂ ਟਰੇਨ ਰਾਹੀ ਸਿੱਖਾਂ ਦੀ ਢਾਹਣੀ ਪਿੰਡ ਹੋਦ ਚਿੱਲੜ ਸਰਨ ਲੈਣ ਪਹੁੰਚੇ ਭਾਰਤੀ ਫੌਜ ਦੇ ਨੌਜਵਾਨ ਇੰਦਰਜੀਤ ਸਿੰਘ ਬਟਾਲਾ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਸੀ ਜੋ ਕਿ ਸ਼ਰਮਨਾਕ ਘਟਨਾ ਹੈ। ਘੋਲੀਆ ਨੇ ਕਿਹਾ ਕਿ ਸਿੱਖ ਕਤਲੇਆਮ ਹਰਿਆਣਾ ਦੇ ਪੀੜਤ ਪਰਿਵਾਰਾਂ ਦੇ ਕੇਸ ਦੁਆਰਾ ਰੀਉਪਨ ਹੋਣ ਅਤੇ ਉਸ ਸਮੇਂ ਦੇ ਉੱਚ ਸਿਵਲ ਪ੍ਰਸ਼ਾਸਨ ਅਧਿਕਾਰੀਆਂ ਖਿਲਾਫ਼ ਅਤੇ ਹਜੂਮ ਭੀੜ ਦੀ ਅਗਵਾਈ ਕਰਨ ਵਾਲੇ ਦੋਸੀਆ ਖਿਲਾਫ਼ ਫੌਜਦਾਰੀ ਮੁਕੱਦਮੇ ਦਰਜ ਕਰਕੇ ਪੀੜਤ ਪਰਿਵਾਰਾਂ ਦੇ ਬਲਦੇ ਸਿਵਾ ਨੂੰ ਠੰਢ ਪਾਈ ਜਾਵੇ

ਇਸ ਮੌਕੇ ਪੀੜਤ ਗੁਰਜੀਤ ਸਿੰਘ ਪਟੌਦੀ ਅਮਰਜੀਤ ਸਿੰਘ ਰਸੂਲਪੁਰ ਅਤੇ ਸ੍ਰੋਮਣੀ ਕਮੇਟੀ ਦੇ ਨੁਮਾਇੰਦੇ ਹਰਜੀਤ ਸਿੰਘ ਖਾਲਸਾ ਅੰਮਿਤਸਰ ਆਦਿ ਹਾਜਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

**ਸੱਜਣ ਕੁਮਾਰ ਵਾਗੂ ਹਰਿਆਣਾ ਪੀੜਤਾਂ ਦੇ ਕੇਸਾ ਦੇ ਫੌਜਦਾਰੀ ਮੁਕੱਦਮੇ ਦਰਜ ਕਰਕੇ ਇਨਸਾਫ਼ ਦਿੱਤਾ ਜਾਵੇ : ਭਾਈ ਘੋਲੀਆ**

## ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵਿਖੇ ਆਈ.ਪੀ.ਆਰ ਅਵੇਅਰਨੈੱਸ ਅਤੇ ਪੇਟੈਂਟ ਸਰਚ ਵਿਸ਼ੇ 'ਤੇ ਨੈਸ਼ਨਲ ਵਰਕਸ਼ਾਪ ਆਯੋਜਿਤ



**ਤਲਵੰਡੀ ਸਾਬੋ, 26 ਮਾਰਚ (ਗੁਰਜੰਟ ਸਿੰਘ ਨਥੇਹਾ)-** ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਆਈਪੀਆਰ ਕਲੱਬ ਅਤੇ ਆਈਪੀਆਰ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਪਣੇ ਇਨਵੈਂਸ਼ਨਜ ਨੂੰ ਪ੍ਰੋਟੈਕਟ ਕਰਨ ਸਬੰਧੀ ਜਾਗਰੂਕਤਾ ਲਿਆਉਣ ਲਈ ਮਿਤੀ 19 ਮਾਰਚ 2025 ਨੂੰ ਆਈਪੀਆਰ ਅਵੇਅਰਨੈੱਸ ਅਤੇ ਪੇਟੈਂਟ ਸਰਚ ਵਿਸ਼ੇ ਉਪਰ ਨੈਸ਼ਨਲ ਵਰਕਸ਼ਾਪ ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ ਜਿਸ ਵਿੱਚ ਡਾ. ਬਲਵਿੰਦਰ ਸਿੰਘ ਸੂਚ, ਪ੍ਰੋਫੈਸਰ ਇੰਚਾਰਜ, ਆਈ.ਪੀ.ਆਰ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਡਾ. ਪ੍ਰੀਤੀ ਖੇਤਰਪਾਲ, ਸਹਾਇਕ ਪ੍ਰੋਫੈਸਰ, ਕੇਂਦਰੀ ਯੂਨੀਵਰਸਿਟੀ ਪੰਜਾਬ ਵਲੋਂ ਬਤੌਰ ਵਿਸ਼ਾ ਮਾਹਿਰ ਸ਼ਿਰਕਤ ਕੀਤੀ ਗਈ। ਵਿਭਾਗ ਦੇ ਮੁਖੀ, ਡਾ. ਸਿੰਪਲ ਜਿੰਦਲ ਨੇ, ਐਕਸਪਰਟ ਸਾਹਿਬਾਨਾਂ ਨੂੰ ਜੀ ਆਇਆਂ ਆਖਿਆ ਅਤੇ ਦੱਸਿਆ ਕਿ ਵਿਭਾਗ ਵਿੱਚ ਇਸ ਤਰਾਂ ਦੇ ਪ੍ਰੋਗਰਾਮ ਸਮੇਂ-ਸਮੇਂ ਤੇ ਆਯੋਜਿਤ ਕੀਤੇ ਜਾਂਦੇ ਹਨ ਤਾਂ ਜੋ ਵਿਦਿਆਰਥੀਆਂ ਫੈਕਲਟੀ ਅਤੇ ਰਿਸਰਚ ਸਕਾਲਰਾਂ ਦਾ ਬਹੁਪੱਖੀ ਵਿਕਾਸ ਹੋ ਸਕੇ। ਕੈਂਪਸ ਡਾਇਰੈਕਟਰ ਪ੍ਰੋ. ਕਮਲਜੀਤ ਸਿੰਘ ਵਲੋਂ ਆਪਣੇ ਸੰਦੇਸ਼ ਵਿੱਚ ਅੱਜ ਦੇ ਤਕਨੀਕੀ ਯੁਗ ਵਿੱਚ ਆਈ.ਪੀ.ਆਰ. ਦੀ ਮਹੱਤਤਾ ਬਾਰੇ ਜ਼ਿਕਰ ਕੀਤਾ। ਵਰਕਸ਼ਾਪ ਦੇ ਪਹਿਲੇ ਸੈਸ਼ਨ ਵਿੱਚ ਡਾ. ਬਲਵਿੰਦਰ ਸਿੰਘ ਸੂਚ ਨੇ ਵੱਖ-ਵੱਖ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ ਦੀ ਪ੍ਰੋਟੈਕਸ਼ਨ ਦੀ ਜਰੂਰਤ, ਮਹੱਤਤਾ ਅਤੇ ਰਜਿਸਟ੍ਰੇਸ਼ਨ ਦੀ ਵਿਧੀ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਵਰਕਸ਼ਾਪ ਦੇ ਦੂਜੇ ਸੈਸ਼ਨ ਵਿੱਚ ਐਕਸਪਰਟ ਡਾ. ਪ੍ਰੀਤੀ ਖੇਤਰਪਾਲ ਵਲੋਂ ਆਈ.ਪੀ. ਟੂਲ ਫਾਰ ਇਨੋਵੇਸ਼ਨ, ਇਕਨਾਮਿਕ ਗਰੋਥ ਐਂਡ ਕੰਪੀਟੀਟਿਵਨੈੱਸ ਵਿਸ਼ੇ ਉਪਰ ਲੈਕਚਰ ਦਿੰਦਿਆ ਪੇਟੈਂਟ ਦੀ ਜਰੂਰਤ ਅਤੇ ਪੇਟੈਂਟ ਸਰਚ ਲਈ ਵਰਤੇ ਜਾਣ ਵਾਲੀਆਂ ਵੈਬਸਾਈਟਸ ਬਾਰੇ ਜਾਣਕਾਰੀ ਦਿੱਤੀ। ਅਖੀਰਲੇ ਸੈਸ਼ਨ ਵਿੱਚ ਆਈ.ਪੀ. ਕਲੀਨਿਕ ਦਾ ਵੀ ਆਯੋਜਨ ਕੀਤਾ ਜਿਸ ਵਿਚ ਡਾ. ਜਸਵੀਰ ਕੌਰ ਅਤੇ ਡਾ. ਹਿਤੇਸ਼ ਵਲੋਂ ਪ੍ਰਤੀਭਾਗੀਆਂ ਨੂੰ ਆਈ.ਪੀ.ਆਰ. ਦੇ ਸਬੰਧ ਵਿੱਚ ਐਡਵਾਂਸ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਆਈ.ਪੀ.ਆਰ. ਕਲੱਬ ਦੇ ਪ੍ਰਧਾਨ ਪ੍ਰੋ. ਸੁਨੀਲ ਬਾਘਲਾ, ਸਹਾਇਕ ਪ੍ਰੋਫੈਸਰ ਵੱਲੋਂ ਨੈਸ਼ਨਲ ਵਰਕਸ਼ਾਪ ਵਿੱਚ ਸ਼ਾਮਲ ਹੋਣ ਤੇ ਅਹੁਦੇਦਾਰਾਂ, ਐਕਸਪਰਟ ਸਹਿਬਾਨ, ਵਰਕਸ਼ਾਪ ਆਰਗਨਾਈਜ਼ਿੰਗ ਕਮੇਟੀ ਅਤੇ ਪ੍ਰਤਿਭਾਗੀਆਂ ਦਾ ਧੰਨਵਾਦ ਕੀਤਾ ਗਿਆ। ਇਸ ਨੈਸ਼ਨਲ ਵਰਕਸ਼ਾਪ ਵਿੱਚ 100 ਤੋਂ ਵੀ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਭੱਟੀਕੇ ਨਵੋਦਿਆ ਵਿਦਿਆਲਿਆ ਦਾ ਨਤੀਜਾ ਰਿਹਾ ਸ਼ਾਨਦਾਰ



**ਬਾਬਾ ਸੁਖਵੰਤ ਸਿੰਘ ਚੰਨਣਕੇ, ਚੌਕ ਮਹਿਤਾ 26 ਮਾਰਚ-**ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਭੱਟੀਕੇ ਨਵੋਦਿਆ ਵਿਦਿਆਲਿਆ ਦਾ ਨਤੀਜਾ ਰਿਹਾ ਸ਼ਾਨਦਾਰ ਜਿਸ ਵਿੱਚ ਪੰਜਵੀ ? ਜਮਾਤ ਦੇ ਇੱਕ ਵਿਦਿਆਰਥੀ ਅਬੀਜੋਤ ਸਿੰਘ ਨੇ ਸਖਤ ਮਿਹਨਤ ਕਰਕੇ ਪੇਪਰ ਦੇ ਨਤੀਜੇ ਵਿੱਚ ਮੱਲਾ ਮਾਰਕੇ ਆਪਣੇ ਅਧਿਆਪਕਾਂ ਦਾ ਨਾਮ ਰੋਸਨ ਕੀਤਾ। ਇਸ ਸਫਲਤਾ ਦਾ ਸਿਹਰਾ ਸਕੂਲ ਦੇ ਮੁੱਖ ਅਧਿਆਪਕਾਂ ਸ੍ਰੀ ਮਤੀ ਦਲਜਿੰਦਰ ਕੌਰ ਅਤੇ ਸਕੂਲ ਭੱਟੀਕੇ ਦੇ ਸਾਰੇ ਅਧਿਆਪਕਾਂ ਦੇ ਸਿਰ ਤੇ ਹੈ। ਇਸ ਮੌਕੇ ਤੇ ਪਰਦੀਪ ਕੌਰ, ਪ੍ਰਿਪਾਲ ਕੌਰ, ਬੱਬਲਪਰੀਤ ਕੌਰ, ਪ੍ਰਭਜੀਤ ਕੌਰ, ਦੀਪਤੀ ਸਰਮਾ, ਸੁਖਮੀਤ ਕੌਰ, ਕਿਰਨ ਕੁਮਾਰੀ, ਦਲਬੀਰ ਕੌਰ, ਰਜਵੰਤ ਕੌਰ, ਆਦਿ ਸਮੂਹ ਸਟਾਫ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਮੁਲਾਜ਼ਮ ਵਿਰੋਧੀ ਬੱਜਟ ਦੀਆਂ ਕਾਪੀਆਂ ਫੂਕ ਕੇ ਵਿਰੋਧ ਕਰਨ ਦਾ ਐਲਾਨ-ਪ.ਸ.ਸ.ਫ.

**ਜਲੰਧਰ 26 ਮਾਰਚ ( ਆਵਾਜ਼ਿ ਕੌਮ ਬਿਊਰੋ)-**ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ਼ ਜੱਥੇਬਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਵਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਬੱਜਟ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਲਈ ਨਿਰਾਸ਼ਾ ਦਾ ਆਲਮ ਪੈਦਾ ਕਰ ਗਿਆ ਹੈ। ਪਿਛਲੇ ਤਿੰਨ ਸਾਲਾਂ ਤੋਂ ਮੌਜੂਦਾ ਸਰਕਾਰ ਹਰ ਇੱਕ ਕੀਤੇ ਵਾਅਦੇ ਤੋਂ ਮੁੱਕਰ ਰਹੀ ਹੈ। ਭਗਵੰਤ ਮਾਨ ਦੀ ਸਰਕਾਰ ਵਲੋਂ ਪੇਸ਼ ਕੀਤਾ ਗਿਆ ਬੱਜਟ ਨਿਰਾਸ਼ ਕਰਨ ਵਾਲਾ ਹੈ ਜਿਸਤੋਂ ਸਰਕਾਰ ਦੀ ਭਵਿੱਖੀ ਕਾਰਗੁਜ਼ਾਰੀ ਦੀ ਝਲਕ ਸਾਫ ਦਿਖਾਈ ਦੇ ਰਹੀ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਕਿਹਾ ਕਿ ਭਾਸ਼ਣਾ ਵਿੱਚ ਝੂਠ ਦਾ ਪੁਲੰਦਾ ਪਰੋਸਣ ਵਾਲੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਵਲੋਂ ਬੱਜਟ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਪੁਰਾਣੀ ਪੈਨਸ਼ਨ ਲਾਗੂ ਕਰਨ, ਮਿਡ ਡੇ ਮੀਲ, ਆਂਗਣਵਾੜੀ, ਆਸ਼ਾ ਵਰਕਰਾਂ, ਠੇਕੇ ਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਉਜਰਤਾਂ ਵਿੱਚ ਵਾਧਾ ਕਰਨ ਦੀ ਵੀ ਕੋਈ ਤਜਵੀਜ਼ ਨਹੀ ਹੈ। ਸੂਬੇ ਦੇ ਵੱਖ-ਵੱਖ ਵਿਭਾਗਾਂ ਅੰਦਰ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਨੂੰ ਭਰਨ ਸਬੰਧੀ ਵੀ ਕੋਈ ਜ਼ਿਕਰ ਨਹੀਂ ਹੈ। ਤਨਖਾਹ ਕਮਿਸ਼ਨ ਦੀਆਂ ਤਰੁਟੀਆਂ ਦੂਰ ਕਰਨ, ਬੰਦ ਭੱਤਿਆਂ ਨੂੰ ਚਾਲੂ ਕਰਨ ਮੰਹਿਗਾਈ ਭੱਤੇ ਦੀਆਂ ਕਿਸ਼ਤਾਂ, ਵਿਕਾਸ ਟੈਕਸ ਬੰਦ ਕਰਨ ਸਬੰਧੀ ਵੀ ਇਸ ਆਮ ਆਦਮੀਆਂ ਦੀ ਸਰਕਾਰ ਦਾ ਬੱਜਟ ਬਿਲਕੁਲ ਖਾਮੋਸ਼ ਹੈ। ਜੱਥੇਬੰਦੀ ਦੇ ਆਗੂਆਂ ਸੁਖਵਿੰਦਰ ਚਾਹਲ, ਕਰਮਜੀਤ ਬੀਹਲਾ, ਮੱਖਣ ਸਿੰਘ ਵਾਹਿਦਪੁਰੀ, ਹਰਮਨਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਸਰਕਾਰ ਦੀ ਨੀਅਤ ਪਤਾ ਹੋਣ ਦੇ ਕਾਰਣ ਇਹ ਬੱਜਟ ਮੁਲਾਜ਼ਮ ਦੀ ਆਸ ਅਨੁਸਾਰ ਹੀ ਹੈ ਕਿਉਂਕਿ ਮੁੱਖ ਮੰਤਰੀ ਅਤੇ ਸਮੁੱਚੀ ਕੈਬਨਿਟ ਵਲੋਂ ਸਿਰਫ ਭਾਸ਼ਣਾ ਨਾਲ ਹੀ ਮੰਗਾਂ ਪੂਰੀਆਂ ਕੀਤੀਆਂ ਗਈਆਂ ਹਨ ਅਤੇ ਕਿਸੇ ਵੀ ਮੰਗ ਨੂੰ ਹੱਲ ਕਰਨ ਦਾ ਕੋਈ ਵੀ ਉਪਰਾਲਾ ਨਹੀਂ ਕੀਤਾ ਗਿਆ ਹੈ। ਮੁੱਖ ਮੰਤਰੀ ਵਲੋਂ ਤਾਂ ਮੁੱਲਾਜ਼ਮ/ਪੈਨਸ਼ਨਰ ਜੱਥੇਬੰਦੀਆਂ ਨਾਲ ਮੀਟਿੰਗ ਵੀ ਨਹੀਂ ਕੀਤੀ ਗਈ ਹੈ। ਆਗੂਆਂ ਨੇ ਕਿਹਾ ਕਿ ਇਸ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਬੱਜਟ ਨੂੰ ਨਕਾਰਦੇ ਹੋਏ ਸਾਂਝੇ ਫਰੰਟ ਵਲੋਂ ਮਿਤੀ 27-28 ਮਾਰਚ ਨੂੰ ਸੂਬੇ ਭਰ ਵਿੱਚ ਥਾਂ-ਥਾਂ ਤੇ ਬੱਜਟ ਦੀਆਂ ਕਾਪੀਆਂ ਫੂਕ ਕੇ ਸਰਕਾਰ ਵਿਰੁੱਧ ਰੋਸ ਦਾ ਪ੍ਰਗਟਾਵਾ ਕੀਤਾ ਜਾਵੇਗਾ।

# ਜਲਾਵਤਨ ਯੋਧੇ ਭਾਈ ਮਹਿਲ ਸਿੰਘ ਬੱਬਰ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



ਮਾਝੇ ਦੇ ਜਰਨੈਲ ਪਿੰਡ ਦਾਸੂਵਾਲ ਤੋਂ ਬੱਬਰ ਖਾਲਸਾ ਦੇ ਚੋਟੀ ਦੇ ਬੰਦਿਆਂ ਚ ਇੱਕ ਭਾਈ ਸਾਹਿਬ ਭਾਈ ਮਹਿਲ ਸਿੰਘ ਜੀ ਬੱਬਰ ਕੱਲ ਦੇਰ ਰਾਤ ਸੱਚ ਖੰਡ ਪਿਆਨਾ ਕਰ ਗਏ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਲੈਸਟਰ ਦੇ ਸਮੁੱਚੇ ਪ੍ਰਬੰਧ ਵੱਲੋਂ ਸ਼ਰਧਾ ਦੇ ਫੁੱਲ ਅਰਪਣ ਕਰਦੇ ਹਾਂ

ਆਵਾਜ਼ਿ ਕੌਮ AWAZE QAUM International Newspaper & WEB TV

ਵੀਰ ਮੋਹਣ ਸਿੰਘ ਜੀ ਵੀਰ ਦਵਿੰਦਰ ਸਿੰਘ ਜੀ ਅਤੇ ਸਮੁੱਚੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਹਮਦਰਦੀ ਪ੍ਰਗਟ ਕਰਦੇ ਹਾਂ। ਭਾਈ ਮਹਿਲ ਸਿੰਘ ਜੀ ਨਾਮ ਬਾਣੀ ਦੇ ਧਾਰਨੀ ਪੂਰਨ ਗੁਰਸਿੱਖ ਸਨ ਉਨਾ ਏਅਰਫੋਰਸ ਦੀ ਨੌਕਰੀ ਛੱਡ ਪੰਥਕ ਸੇਵਾ ਨੂੰ ਅਪਣਾਇਆ ਭਾਈ ਸਾਹਿਬ ਜੀ ਨੇ ਆਪਣੀ ਉਮਰ ਦਾ ਵੱਡਾ ਹਿੱਸਾ ਰੂਪੋਸ਼ ਬਤੀਤ ਕੀਤਾ ਉੱਨਾਂ ਨੇ 1978 ਤੋ ਲੈ ਕੇ ਪੰਥ ਦੀਆ ਅਨੇਕਾਂ ਸੇਵਾਵਾਂ ਵਿੱਚ ਯੋਗਦਾਨ ਪਾਇਆ ਉੱਨਾਂ ਬਾਰੇ ਬਹੁਤ ਕੁੱਝ ਲਿਖਿਆ ਜਾ ਸਕਦਾ ਹੈ ਆਉਣ ਵਾਲੇ ਸਮੇਂ ਵਿੱਚ ਸਤਿਕਾਰਤ ਸਿੰਘ ਚਾਨਣਾ ਪਾਉਣਗੇ

**ਰਾਜ ਮਨਵਿੰਦਰ ਸਿੰਘ ਕੰਗ**
**ਮੁੱਖ ਬੁਲਾਰਾ**
**ਤੀਰ ਗਰੁੱਪ ਲੈਸਟਰ**
**Guru Tegh Bahadur Gurudwara, Leicester**

# ਜਲਾਵਤਨ ਯੋਧੇ ਭਾਈ ਮਹਿਲ ਸਿੰਘ ਬੱਬਰ ਸਿੱਖੀ ਸਿਦਕ ਨਿਭਾ ਗਏ

ਜਥੇਦਾਰ ਮਹਿਲ ਸਿੰਘ ਬੱਬਰ ਦੇ ਅਕਾਲ ਚਲਾਣੇ ਦੀ ਖਬਰ ਸੁਣਕੇ ਦਿਲ ਵਿਚੋਂ ਧੁਹ ਜਿਹੀ ਨਿਕਲੀ ।ਲਗਾਤਾਰ ਕੌਮੀ ਪਰਵਾਨੇ ਇਕ ਇਕ ਕਰਕੇ ਜਗਤ ਤਮਾਸ਼ਾ ਛੱਡਕੇ ਚਲੇ ਜਾ ਰਹੇ ਹਨ ।1978 ਤੋਂ ਕੌਮੀ ਸੰਘਰਸ਼ ਵਿਚ ਫਰਜ਼ ਨਿਭਾਉਣ ਵਾਲਿਆਂ ਦੀ ਇਕ ਪੂਰੀ ਪੀੜ੍ਹੀ ਸਾਨੂੰ ਸਦੀਵੀ ਵਿਛੋੜਾ ਦੇ ਰਹੀ ਹੈ ।ਜਲਾਵਤਨੀ ਹੰਢਾਉਂਦਿਆਂ ਆਪਦੀ ਕੌਮ ਦੀ ਲੜਾਈ ਲੜਦਿਆਂ ਇੰਨਾਂ ਗੁਰਸਿਖਾਂ ਨੇ ਸਾਡੇ ਇਤਿਹਾਸ ਨੂੰ ਜਿਉਂਦਾ

ਆਵਾਜ਼ਿ ਕੌਮ AWAZE QAUM International Newspaper & WEB TV

ਰੱਖਿਆ ।ਭਾਈ ਮਹਿਲ ਸਿੰਘ ਬੱਬਰ ਨਾਲ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਾਲ ਹੋਈਆਂ ਮੁਲਾਕਾਤਾਂ ਮੇਰੇ ਮਨ ਮਸਤਕ ਵਿਚ ਅੱਜ ਵੀ ਤਰੋ-ਤਾਜਾ ਹਨ ।ਉਨ੍ਹਾਂ ਦੇ ਭਰਾ ਭਾਈ ਸੁਖਦੇਵ ਸਿੰਘ ਬੱਬਰ ਸਮੇਤ ਪੂਰੇ ਪਰਿਵਾਰ ਨੇ ਦਾਸੂਵਾਲ ਪਿੰਡ ਨੂੰ ਪੂਰੇ ਸੰਸਾਰ ਵਿਚ ਰੁਸ਼ਨਾ ਦਿਤਾ ।ਦੋਵਾਂ ਭਰਾਵਾਂ ਦੀਆਂ ਸਿੰਘਣੀਆਂ ਸਕੀਆਂ ਭੈਣਾਂ ਹਨ।

ਮੈਨੂੰ ਚੇਤੇ ਹੈ ਜਦ 1989 ਵਿਚ ਜਾਲਿਮ ਪੁਲਿਸ ਅਫਸਰ ਗੋਬਿੰਦ ਰਾਮ ਨੇ ਬਟਾਲੇ ਦੇ ਬੁਚੜਖਾਨੇ ਬੀਕੋ ਵਿਚ ਭਾਈ ਮਹਿਲ ਸਿੰਘ ਬੱਬਰ ਦੀ ਸਿੰਘਣੀ ਅਤੇ ਭਾਈ ਕੁਲਵੰਤ ਸਿੰਘ ਬੱਬਰ ਦੀ ਸਿੰਘਣੀ ਬੀਬੀ ਗੁਰਮੀਤ ਕੌਰ ਉਤੇ ਕਹਿਰ ਢਾਹਿਆ ਸੀ ।ਓਸ ਮੌਕੇ ਹੀ ਮੈਨੂੰ,ਮੇਰੀ ਧਰਮ ਪਤਨੀ ਦੇਵਿੰਦਰ ਕੌਰ ,ਮੇਰੀ ਭਰਜਾਈ ਨਛੱਤਰ ਕੌਰ , ਮੇਰੀ ਭੈਣ ਸਰਬਜੀਤ ਕੌਰ , ਪ੍ਰਸਿੱਧ ਲੇਖਕ ਗੁਰਿੰਦਰਪਾਲ ਸਿੰਘ ਧਨੌਲਾ ਅਤੇ ਮੇਰੇ ਪਿੰਡ ਦੇ ਨੌਜਵਾਨ ਜਗਦੀਪ ਸਿੰਘ ਨੂੰ ਗੁਰਦੁਆਰਾ ਜੋਤੀ ਸਰੂਪ ਫਤਿਹਗੜ੍ਹ ਸਾਹਿਬ ਤੋਂ ਗ੍ਰਿਫਤਾਰ ਕਰਕੇ ਬਟਾਲੇ ਦੇ ਬੀਕੋ ਇਨਟੈਰੋਗੇਸਨ ਸੈਟਰ ਲੈ ਗਏ ਸੀ ।ਖਾੜਕੂਵਾਦ ਦੇ ਸ਼ਿਖਰ ਮੌਕੇ ਜਾਲਿਮ ਗੋਬਿੰਦ ਰਾਮ ਨੇ ਹੋਰ ਬਹੁਤ ਸਾਰੇ ਸਿੰਘਾਂ ਦੀਆਂ ਧੀਆਂ,ਭੈਣਾਂ,ਮਾਵਾਂ ਅਤੇ ਸਿੰਘਣੀਆਂ ਨੂੰ ਹਿਰਾਸਤ ਵਿਚ ਲੈਕੇ ਤਸ਼ੱਦਦ ਕਰਨਾ ਸ਼ੁਰੂ ਕੀਤਾ ਹੋਇਆ ਸੀ ।ਉਦੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ ਨੇ ਬਟਾਲੇ ਬੀਕੋ ਬੁਚੜਖਾਨੇ ਦੇ ਘਿਰਾਓ ਦਾ ਐਲਾਨ ਕਰ ਦਿਤਾ ।ਜਦ ਇਹੋ ਜਿਹੇ ਮਹੌਲ ਵਿਚ ਜਥੇਦਾਰ ਕੋਈ ਸੱਦਾ ਦੇਵੇ ਤਾਂ ਕੌਮ ਸਮਰਥਨ ਦੇਣ ਵਾਲੀਆਂ ਹੱਦਾਂ ਤੋੜ ਦਿੰਦੀ ਹੈ। 2 ਸਤੰਬਰ 1989 ਨੂੰ ਜਦ ਸੰਗਤਾਂ ਦਾ ਸਮੁੰਦਰ ਬਟਾਲੇ ਪਹੁੰਚਿਆ ਤਾਂ ਜਥੇਦਾਰ ਪ੍ਰੋ ਦਰਸ਼ਨ ਸਿੰਘ ਰਾਗੀ ਦੀ ਗਰਜਵੀਂ ਆਵਾਜ਼ ਨੇ ਸਿਖ ਕੌਮ ਦੇ ਰੋਹ ਦੀ ਅਸਲ ਤਸਵੀਰ ਬਿਆਨ ਕੀਤੀ ਜਿਸ ਮੂਹਰੇ ਦਿੱਲੀ ਦਾ ਤਖਤ ਝੁਕ ਗਿਆ । ਬੀਬੀਆਂ ਉਤੇ ਜੁਲਮ ਦਾ ਇਹ ਮਸਲਾ ਭਾਈ ਮਹਿਲ ਸਿੰਘ ਬੱਬਰ ਦੀ ਸਿੰਘਣੀ ਕਰਕੇ ਬਹੁਤ ਚਰਚਿਤ ਹੋਇਆ ਜਿਸ ਕਰਕੇ ਗੋਬਿੰਦ ਰਾਮ ਦੇ ਤਸ਼ੱਦਦ ਦਾ ਸ਼ਿਕਾਰ ਹੋਰ ਬੇਅੰਤ ਬੀਬੀਆਂ ਵੀ ਕੈਦ ਵਿਚੋਂ ਆਜ਼ਾਦ ਹੋਈਆਂ ।ਬੀਬੀ ਗੁਰਮੀਤ ਕੌਰ ਨਾਲ ਜੋ ਸਰੀਰਕ ਜੁਲਮ ਹੋਇਆ ਓਸ ਨਾਲੋਂ ਮਾਨਸਿਕ ਜਬਰ ਜਿਆਦਾ ਅਕਹਿ ਤੇ ਅਸਹਿ ਸੀ ।ਗੋਬਿੰਦ ਰਾਮ ਦਾ ਐਲਾਨ ਸੀ ਕਿ ਸਿਖ ਗੁਰੂ ਗੋਬਿੰਦ ਸਿੰਘ ਨੂੰ ਭੁਲ ਜਾਣਗੇ ਤੇ ਗੋਬਿੰਦ ਰਾਮ ਨੂੰ ਚੇਤੇ ਰੱਖਣਗੇ ।ਆਖਰ ਓਸ ਪਾਪੀ ਨੂੰ ਆਪਦੇ ਕੀਤੇ ਕਰਮਾਂ ਦੀ ਸਜ਼ਾ ਮਿਲੀ ।ਇਕੋ ਤਰਾਂ ਦੇ ਦੁਖ ਭੋਗਣ ਵਾਲਿਆਂ ਦੀ ਜਜਬਾਤੀ ਸਾਂਝ ਹੋਰ ਵੀ ਗੂਹੜੀ ਹੋ ਜਾਂਦੀ ਹੈ ।ਭਾਈ ਮਹਿਲ ਸਿੰਘ ਦੇ ਪਰਿਵਾਰ ਨਾਲ ਮੇਰੀ ਦਿਲੀ ਸਾਂਝ ਹੈ।



ਭਾਈ ਮਹਿਲ ਸਿੰਘ ਨਾਲ ਜਦ ਵੀ ਮੁਲਾਕਾਤ ਹੋਈ ਉਨ੍ਹਾਂ ਦੀ ਸੂਝ- ਬੂਝ ,ਲਿਆਕਤ ਕੌਮ ਪ੍ਰਤੀ ਸਮਰਪਣ ਹਮੇਸ਼ਾਂ ਕਾਇਲ ਕਰਦੀ ਸੀ ।ਜਥੇਬੰਦੀ ਦੇ ਫੈਸਲਿਆਂ ਉਤੇ ਉਨ੍ਹਾਂ ਦੀ ਰਾਇ ਦਾ ਅਸਰ ਸਪਸ਼ਟ ਦਿਸਦਾ ਸੀ।

1984 ਦੇ ਘੱਲੂਘਾਰਿਆਂ ਤੋਂ ਪਹਿਲਾਂ ਜਦ ਪੁਲਿਸ ਜਬਰ ਕਰਕੇ, ਉਹ ਹੋਰ ਸਾਥੀ ਸਿੰਘਾਂ ਸਮੇਤ ਦਰਬਾਰ ਸਾਹਿਬ ਕੰਪਲੈਕਸ ਵਿਚ ਅਕਾਲ ਰੈਸਟ ਹਾਊਸ ਰਹਿੰਦੇ ਸੀ ਤਾਂ ਉਨ੍ਹਾ ਦੇ ਜਥੇ ਦੀ ਰਹਿਤ,ਦਿੱਖ,ਪਹਿਰਾਵਾ,ਦੁਮਾਲਾ ਅਠਾਰਵੀ ਸਦੀ ਦੇ ਸਿਰਲੱਥ ਜੁਝਾਰੂ ਸਿੰਘਾਂ ਵਰਗਾ ਪ੍ਰਭਾਵ ਦਿੰਦੀ ਸੀ ।ਪਹਿਲਾਂ ਓਹ ਏਅਰ ਫੋਰਸ ਵਿਚ ਟੈਕਨੀਸ਼ੀਅਨ ਸਨ ਪਰ ਜਦ ਛੁੱਟੀ ਆਇਆਂ ਨੂੰ ਖਾਕੀ ਵਰਦੀ ਨੇ ਨਜਾਇਜ ਹੀ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਤਾਂ ਉਹ ਗੁਰੀਲਾ ਸੰਘਰਸ਼ ਵਿਚ ਸ਼ਾਮਿਲ ਹੋ ਗਏ ।ਪੁਲਿਸ ਨੇ ਉਨ੍ਹਾ ਦੇ ਨੇਤਰਹੀਣ ਭਰਾ ਅੰਗਰੇਜ ਸਿੰਘ ਨੂੰ ਵੀ ਬਹੁਤ ਸਤਾਇਆ ।ਘਰ ਢਾਹ ਦਿਤਾ,ਫਸਲ ਸਾੜਕੇ ਵਾਹ ਦਿਤੀ ।ਪੁਲਿਸ ਨੇ ਹੀ ਉਨ੍ਹਾ ਦੇ ਘਰ ਨੂੰ "ਬੱਬਰਾਂ ਦੀ ਬਹਿਕ" ਕਹਿਣਾ ਸ਼ੁਰੂ ਕੀਤਾ ।1981 ਵਿਚ ਦਹੇੜੂ ਕਾਂਡ ਤੋਂ ਬਾਅਦ ਦਰਬਾਰਾ ਸਰਕਾਰਾਂ ਨੇ 11 ਬੱਬਰਾਂ ਦੇ ਸਿਰਾਂ ਦੇ ਇਨਾਮ ਰੱਖ ਦਿਤੇ ਸੀ ਜਿਸ ਮਗਰੋਂ ਉਹ ਦਰਬਾਰ ਸਾਹਿਬ ਪਨਾਹਗੀਰ ਰਹੇ ।ਬਬਰਾਂ ਦੇ ਸਿਰਾਂ ਦੇ ਇਨਾਮ ਵਾਲੇ ਇਸ਼ਿਤਹਾਰ ਬੱਸ ਅੱਡਿਆਂ,ਰੇਲਵੇ ਸਟੇਸ਼ਨਾ ਉਤੇ ਆਮ ਲੱਗੇ ਹੋਏ ਸਨ ।ਦਰਬਾਰ ਸਾਹਿਬ ਕੰਪਲੈਕਸ ਵਿਚ ਭਾਈ ਮਹਿਲ ਸਿੰਘ ਬਬਰ ਨੇ ਅਕਾਲੀ ਲੀਡਰਸ਼ਿਪ ਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨਾਲ ਬੜੇ ਸੁਖਾਂਵੇ ਸਬੰਧ ਰੱਖੇ ।ਚਰਚਾ ਹੈ ਕਿ ਜੂਨ 84 ਨੂੰ ਭਖੀ ਹੋਈ ਜੰਗ ਮੌਕੇ ਅਕਾਲ ਰੈਸਟ ਹਾਊਸ ਤੋਂ ਉਹ ਅਕਾਲ ਤਖਤ ਸਾਹਿਬ ਤੋਂ ਸੰਤ ਭਿੰਡਰਾਂਵਾਲਿਆਂ ਤੋਂ ਸ਼ਸ਼ਤਰ ਲੈਕੇ ਆਏ ਸੀ ।ਜਦ ਜੰਗ ਦਾ ਤਵਾਜਨ ਨਾ ਰਿਹਾ ਉਹ ਹੋਰ ਸਿੰਘਾਂ ਸਮੇਤ ਅਕਾਲ ਰੈਸਟ ਹਾਊਸ ਤੋਂ ਨਿਕਲ ਗਏ ।1984 ਤੋਂ ਓਹ ਗੁਪਤਵਾਸ ਤੇ ਜਲਾਵਤਨੀ ਭੋਗਦੇ ਕੌਮ ਦੇ ਸੁਵਾ ਵਿਚ ਲੱਗੇ ਰਹੇ ।ਉਨ੍ਹਾਂ ਨੇ ਸਾਰਾ ਜੀਵਨ ਕੌਮ ਦੇ ਲੇਖੇ ਲਾਕੇ ਅਠਾਂਰਵੀ ਸਦੀ ਵਾਲਾ ਸਿਦਕ ਤੇ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ ਹੈ ।ਆਖਰੀ ਸਾਹ ਤੱਕ ਉਹ ਕੌਮ ਦੇ ਆਜ਼ਾਦ ਘਰ ਲਈ ਜੂਝਦੇ ਰਹੇ।

ਉਨ੍ਹਾਂ ਦੇ ਅਕਾਲ ਚਲਾਣੇ ਦੀ ਖਬਰ ਸੁਣਕੇ ਯਾਦਾਂ ਦਾ ਦਰਿਆ ਵਗ ਪਿਆ ਹੈ ।ਸਾਡੀ ਅਜੋਕੀ ਪੀੜ੍ਹੀ ਨੂੰ ਇੰਨਾਂ ਸਿੰਘਾਂ ਦੀਆਂ ਕੁਰਬਾਨੀਆਂ ਦਾ ਗਿਆਨ ਹੋਣਾ ਚਾਹੀਦਾ ਹੈ ।ਪਰ ਅਫਸੋਸ ਜਿਉਂਦੇ ਜੀ ਸਾਡੀ ਕੌਮ ਕਦਰ ਨਹੀ ਕਰਦੀ ।ਮੇਰੇ ਦਿਲ ਵਿਚ ਇੰਨਾਂ ਸਾਰੇ ਕੌਮਪ੍ਰਸਤ ਗੁਰਸਿਖਾਂ ਪ੍ਰਤੀ ਸਤਿਕਾਰ ਤੇ ਦਰਦ ਹੈ ।ਜਥੇਦਾਰ ਟੌਹੜਾ ਜਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੀ ਤਾਂ ਸਿਖ ਸੰਘਰਸ਼ ਨਾਲ ਸਬੰਧਤ ਪਰਿਵਾਰਾਂ ਪ੍ਰਤੀ ਅਕਸਰ ਮੇਰੀ ਜਿੰਮੇਵਾਰੀ ਲਾ ਦਿੰਦੇ ਸੀ ।ਪਰ ਹੁਣ ਓਹ ਮਹੌਲ ਹੀ ਨਹੀ ।ਕਾਸ਼ ਕਿਤੇ ਕੌਮੀ ਪ੍ਰਵਾਨਿਆਂ ਦੀ ਕਦਰ ਕਰਨ ਵਾਲੀ ਲੀਡਰਸ਼ਿਪ ਸਾਡੀਆਂ ਸੰਸਥਾਵਾਂ ਵਿਚ ਹੋਵੇ।

**- ਕਰਨੈਲ ਸਿੰਘ ਪੰਜੋਲੀ ਮੈਂਬਰ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮਿਰਤਸਰ,**
**94176 -63418**





# ਆੜਤੀਏ ਦੇ ਗੇਟ ਮੂਹਰੇ ਅੱਠਵੇਂ ਦਿਨ ਧਰਨਾ ਜਾਰੀ




**ਤਲਵੰਡੀ ਸਾਬੋ, 26 ਮਾਰਚ (ਗੁਰਜੰਟ ਸਿੰਘ ਨਥੇਹਾ)-** ਮਲਕਾਣਾ ਦੇ ਸ਼ਹੀਦ ਫੌਜੀ ਜਸਕਰਨ ਸਿੰਘ ਦੇ ਪਰਿਵਾਰ ਵੱਲੋਂ ਆੜ੍ਹਤੀਏ ਦੀ ਦੁਕਾਨ ਅੱਗੇ ਧਰਨਾ ਅੱਠਵੇਂ ਦਿਨ ਜਾਰੀ ਹੈ ਪਰ ਫੌਜੀ ਜਸਕਰਨ ਸਿੰਘ ਦੇ ਪਰਿਵਾਰ ਨੂੰ ਕੋਈ ਨਿਆਂ ਨਹੀਂ ਮਿਲਿਆ, ਪਰਿਵਾਰ ਦੀ ਮੰਗ ਹੈ ਕਿ ਸਾਨੂੰ ਬਹੀਆਂ ਖਾਤੇ ਚੈੱਕ ਕਰਵਾਏ ਜਾਣ ਜਸਕਰਨ ਸਿੰਘ ਦੀ ਪਤਨੀ ਰਸ਼ਪਾਲ ਕੌਰ, ਬੇਟੀ ਖੁਸ਼ਪ੍ਰੀਤ ਕੌਰ ਅਤੇ ਦਾਦਾ ਹਰਭਜਨ ਸਿੰਘ ਦਾ ਕਹਿਣਾ ਹੈ ਕਿ ਆੜ੍ਹਤੀਆਂ ਵੱਲੋਂ ਪਿਛਲੇ ਪੰਜ ਸਾਲਾਂ ਤੋਂ ਹਿਸਾਬ ਨਹੀਂ ਕੀਤਾ ਗਿਆ, ਜਦੋਂ ਜਸਕਰਨ ਸਿੰਘ ਦੀ ਮੌਤ ਹੋ ਗਈ ਸੀ ਉਸ ਤੋਂ ਬਾਅਦ ਅਸੀਂ ਆੜ੍ਹਤੀਆਂ ਨੂੰ ਬੇਨਤੀ ਕੀਤੀ ਕਿ ਸਾਡਾ ਹਿਸਾਬ ਕੀਤਾ ਜਾਵੇ, ਪਹਿਲਾਂ ਤਾਂ ਟਾਲਮਟੋਲ ਕਰਦਾ ਰਿਹਾ ਫਿਰ ਅਸੀਂ ਐਕਸ ਸਰਵਿਸਮੈਨ ਵੈਲਫ਼ੇਅਰ ਯੂਨੀਅਨ ਪੰਜਾਬ ਕਿਸਾਨ ਯੂਨੀਅਨ ਤਲਵੰਡੀ ਸਾਬੋ ਦੀ ਮੱਦਦ ਨਾਲ 8 ਮਾਰਚ ਨੂੰ ਆੜ੍ਹਤੀਆਂ ਦੀ ਦੁਕਾਨ ਅੱਗੇ ਧਰਨਾ ਦਿੱਤਾ ਗਿਆ ਥਾਣਾ ਮੁਖੀ ਹਰਬੰਸ ਸਿੰਘ ਨੂੰ ਦੋਵਾਂ ਧਿਰਾਂ ਦੇ ਵਿਚ ਸਮਝੌਤਾ ਕਰਨ ਲਈ 12 ਮਾਰਚ ਨੂੰ ਆਪੋ-ਆਪਣੇ ਕਾਰਜ ਪੱਤਰ ਲਿਆ ਕੇ ਹਿਸਾਬ ਕਰਨ ਦਾ ਕਹਿ ਕੇ ਧਰਨਾ ਚੁੱਕ ਲਿਆ ਗਿਆ ਸੀ, 12 ਮਾਰਚ ਮਾਤਾ ਗੀਤਾ ਭਵਨ ਮੰਦਰ ਵਿੱਚ ਇਕੱਠੇ ਹੋਏ। ਪਰਿਵਾਰ ਦੇ ਪੰਜ ਮੈਂਬਰ ਆੜ੍ਹਤੀਆਂ ਦੇ ਪੰਜ ਮੈਂਬਰ ਹਿਸਾਬ ਕਰਨ ਲਈ ਬੈਠੇ ਸਨ। ਆੜ੍ਹਤੀਏ ਵੱਲੋਂ ਆਪਣੇ ਹਿਸਾਬ ਨਾਲ ਰਜਿਸਟਰ ਵਿੱਚ ਕਲਮਾਂ ਲਿਖ ਲਈਆਂ ਸਨ, ਪਰ ਉਨ੍ਹਾਂ ਨੇ ਪਰਿਵਾਰ ਨੂੰ ਆਪਣੀਆਂ ਬਹੀਆਂ ਨਹੀਂ ਦਿਖਾਈਆਂ, ਫਿਰ ਪਰਿਵਾਰ ਵੱਲੋਂ 19 ਮਾਰਚ ਤੋਂ ਆੜ੍ਹਤੀਆਂ ਦੀ ਦੁਕਾਨ ਅੱਗੇ ਪੱਕਾ ਧਰਨਾ ਲਾ ਦਿੱਤਾ ਪਰਿਵਾਰ ਦਾ ਕਹਿਣਾ ਹੈ ਕਿ ਜਿਨ੍ਹਾਂ ਚਿਰ ਆੜ੍ਹਤੀਆਂ ਵੱਲੋਂ ਹਿਸਾਬ ਨਹੀਂ ਕਰਿਆ ਜਾਂਦਾ ਉਨ੍ਹਾਂ ਚਿਰ ਧਰਨਾ ਜਾਰੀ ਰਹੇਗਾ ਦੂਜੇ ਪਾਸੇ ਆੜਤੀਆਂ ਵੱਲੋਂ ਵੀ ਗਾਂਧੀ ਚੌਂਕ ਵਿੱਚ ਤਿੰਨ ਦਿਨਾਂ ਤੋਂ ਧਰਨਾ ਦਿੱਤਾ ਜਾ ਰਿਹਾ ਸੀ ਜੋ ਕਿ ਪ੍ਰਸ਼ਾਸਨ ਤੇ ਕਹਿਣ 'ਤੇ ਅੱਜ ਚੁੱਕ ਲਿਆ ਗਿਆ ਹੈ। ਦੂਜੇ ਪਾਸੇ ਜਦੋਂ ਆੜਤੀਏ ਰਜਿੰਦਰ ਕੁਮਾਰ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸਾਡੇ ਵੱਲੋਂ ਵੀ ਗਾਂਧੀ ਚੌਂਕ ਵਿਖੇ ਧਰਨਾ ਜਾਰੀ ਸੀ ਜੋ ਕਿ ਪ੍ਰਸ਼ਾਸਨ ਤੇ ਭਰੋਸਾ ਦੇਣ ਤੋਂ ਬਾਅਦ ਚੁੱਕ ਲਿਆ ਗਿਆ ਹੈ। ਉਹਨਾਂ ਕਿਹਾ ਕਿ ਫੌਜੀ ਪਰਿਵਾਰ ਵੱਲੋਂ ਸਾਥੋਂ ਕੁੜੀ ਦੇ ਦੂਸਰੇ ਦੇਸ਼ ਜਾਣ ਵਾਸਤੇ ਅਤੇ ਇਹਨਾਂ ਵੱਲੋਂ ਜਮੀਨ ਲੈਣ ਲਈ ਰੁਪਏ ਫੜੇ ਸਨ ਜਿਸ ਦਾ ਹਿਸਾਬ ਅਸੀਂ ਕਈ ਵਾਰ ਪੰਚਾਇਤਾਂ ਕਰਕੇ ਕਰ ਚੁੱਕੇ ਹਾਂ। ਉਹਨਾਂ ਕਿਹਾ ਕਿ ਸਾਨੂੰ ਇਨਸਾਫ ਦਵਾਇਆ ਜਾਵੇ ਅਤੇ ਸਾਡੇ ਰੁਪਏ ਦਵਾਏ ਜਾਣ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਬਜਟ ਵਿੱਚ ਪੰਜਾਬ ਵਿਜ਼ਨ 2047 ਰਿਪੋਰਟ ਦੀਆਂ ਮੁੱਖ ਸਿ਼ਫਾਰਸ਼ਾਂ ਸ਼ਾਮਲ ਹਨ: ਡਾ.ਵਿਕਰਮ ਸਾਹਨੀ



ਨਵੀਂ ਦਿੱਲੀ 26 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਵਿੱਤ ਮੰਤਰੀ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਜਟ ਵਿੱਚ ਪੰਜਾਬ ਵਿਜ਼ਨ 2047: ਪੰਜਾਬ ਦੀ ਤਰੱਕੀ ਦਾ ਇੱਕ ਬਲੂਪ੍ਰਿੰਟ ਦੀਆਂ ਮੁੱਖ ਸਿਫ਼ਾਰਸ਼ਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਬਲੂਪ੍ਰਿੰਟ ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਵੱਲੋਂ ਪੰਜਾਬ ਸਰਕਾਰ ਨੂੰ ਸੌਂਪਿਆ ਗਿਆ ਸੀ। ਡਾ. ਸਾਹਨੀ ਨੇ ਫਸਲੀ ਵਿਭਿੰਨਤਾ, ਪਾਣੀ ਦੀ ਸੰਭਾਲ ਅਤੇ ਪਰਾਲੀ ਸਾੜਨ 'ਤੇ ਸਰਕਾਰ ਦੇ ਧਿਆਨ ਨੂੰ ਉਜਾਗਰ ਕੀਤਾ। ਮੁੱਖ ਵੰਡਾਂ ਵਿੱਚ ਕਿਸਾਨਾਂ ਨੂੰ ਝੋਨੇ ਤੋਂ ਸਾਉਣੀ ਮੱਕੀ ਵੱਲ ਜਾਣ ਲਈ ਉਤਸ਼ਾਹਿਤ ਕਰਨ, ਈਥਾਨੌਲ ਉਤਪਾਦਨ ਨੂੰ ਉਤਸ਼ਾਹਿਤ ਕਰਨ ਅਤੇ ਭੂਮੀਗਤ ਪਾਣੀ ਦੇ ਤਣਾਅ ਨੂੰ ਘਟਾਉਣ ਲਈ ?115 ਕਰੋੜ ਸ਼ਾਮਲ ਹਨ। ਮਸ਼ੀਨਰੀ ਸਬਸਿਡੀਆਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ?500 ਕਰੋੜ ਰੱਖੇ ਗਏ ਹਨ। ਇਸ ਤੋਂ ਇਲਾਵਾ, ?100 ਕਰੋੜ ਮਾਲਵਾ ਖੇਤਰ ਵਿੱਚ ਨਹਿਰੀ ਸਿੰਚਾਈ ਨੂੰ ਵਧਾਉਣ ਅਤੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਸੰਗਰੂਰ ਵਿੱਚ ਭੂਮੀਗਤ ਪਾਈਪਲਾਈਨ ਨੈੱਟਵਰਕਾਂ ਨੂੰ ਫੰਡ ਕਰਨਗੇ। ਡਾ. ਸਾਹਨੀ ਨੇ ਕਿਹਾ ਕਿ ਉਦਯੋਗਿਕ ਅਤੇ ਆਰਥਿਕ ਪੁਨਰ ਸੁਰਜੀਤੀ ਲਈ ਵੰਡ ਉਦਯੋਗਿਕ ਆਧੁਨਿਕੀਕਰਨ ਅਤੇ ਹੁਨਰ ਵਿਕਾਸ ਲਈ ਸਿਫ਼ਾਰਸ਼ਾਂ ਦੇ ਅਨੁਸਾਰ ਹੈ। ਬਜਟ ਵਿੱਚ ਟੈਕਸਟਾਈਲ, ਸਾਈਕਲਾਂ ਅਤੇ ਐਗਰੋ-ਪ੍ਰੋਸੈਸਿੰਗ ਵਰਗੇ ਖੇਤਰਾਂ ਨੂੰ ਹੁਲਾਰਾ ਦੇਣ ਲਈ ਉਦਯੋਗਿਕ ਪ੍ਰੋਤਸਾਹਨ ਲਈ ਰਿਕਾਰਡ ?250 ਕਰੋੜ ਸ਼ਾਮਲ ਹਨ - ਜੋ ਕਿ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹੈ। RAMP ਸਕੀਮ ਅਧੀਨ ?120 ਕਰੋੜ ਨਵੀਨਤਾ ਅਤੇ ਮਾਰਕੀਟ ਪਹੁੰਚ ਨੂੰ ਉਤਸ਼ਾਹਿਤ ਕਰਕੇ MSMEs ਦਾ ਸਮਰਥਨ ਕਰਨਗੇ, ਜਦੋਂ ਕਿ ?230 ਕਰੋੜ ਹੁਨਰ ਸਿਖਲਾਈ ਲਈ ਅਲਾਟ ਕੀਤੇ ਗਏ ਹਨ - ਜੋ ਕਿ ਪਿਛਲੇ ਸਾਲ ਨਾਲੋਂ 50% ਵੱਧ ਹੈ - ਜਿਵੇਂ ਕਿ ਪੰਜਾਬ ਵਿਜ਼ਨ 2047 ਰਿਪੋਰਟ ਵਿੱਚ ਸਿਫ਼ਾਰਸ਼ ਕੀਤੀ ਗਈ ਹੈ। ਡਾ. ਸਾਹਨੀ ਨੇ ਕਿਹਾ ਕਿ ਬਜਟ ਵਿੱਚ ਪਾਰਦਰਸ਼ੀ ਸ਼ਾਸਨ ਅਤੇ ਮਜ਼ਬੂਤ ਬੁਨਿਆਦੀ ਢਾਂਚੇ ਲਈ ਉਨ੍ਹਾਂ ਦੇ ਪ੍ਰਸਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਮੁੱਖ ਵੰਡਾਂ ਵਿੱਚ ਰੰਗਲਾ ਪੰਜਾਬ ਵਿਕਾਸ ਯੋਜਨਾ ਲਈ ?585 ਕਰੋੜ ਸ਼ਾਮਲ ਹਨ, ਜੋ ਕਿ ਜ਼ਿਲ੍ਹਿਆਂ ਨੂੰ ਸਥਾਨਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ, ਜੋ ਕਿ ਵਿਕੇਂਦਰੀਕ੍ਰਿਤ ਯੋਜਨਾਬੰਦੀ ਲਈ ਉਨ੍ਹਾਂ ਦੇ ਜ਼ੋਰ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, ਲੁਧਿਆਣਾ, ਅੰਮ੍ਰਿਤਸਰ, ਜਲੰਧਰ ਅਤੇ ਮੋਹਾਲੀ ਵਿੱਚ ਵਿਸ਼ਵ ਪੱਧਰੀ ਸ਼ਹਿਰੀ ਸੜਕਾਂ ਲਈ ਰੁ 140 ਕਰੋੜ ਰੱਖੇ ਗਏ ਹਨ, ਜੋ ਸਮਾਰਟ ਸ਼ਹਿਰਾਂ ਲਈ ਉਨ੍ਹਾਂ ਦੇ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਹੈ। ਡਾ. ਸਾਹਨੀ ਨੇ ਕਿਹਾ ਕਿ ਬਜਟ ਆਪਣੇ ਸਿਹਤ ਅਤੇ ਸਿੱਖਿਆ ਸੂਚਕਾਂ ਵਿੱਚ ਸ਼ਾਨਦਾਰ ਪ੍ਰਗਤੀਸ਼ੀਲਤਾ ਦਰਸਾਉਂਦਾ ਹੈ, ਸਿੱਖਿਆ ਲਈ ?17,975 ਕਰੋੜ, ਸਿਹਤ ਲਈ ?5,598 ਕਰੋੜ ਅਤੇ ਪੰਜਾਬ ਵਿੱਚ ਡਰੱਗ ਜਨਗਣਨਾ ਲਈ ?150 ਕਰੋੜ ਦੇ ਇਤਿਹਾਸਕ ਅਲਾਟਮੈਂਟਾਂ ਦਾ ਮਾਣ ਕਰਦਾ ਹੈ, ਇਹ ਮਨੁੱਖੀ ਪੂੰਜੀ ਵਿਕਾਸ ਲਈ ਸਾਡੀਆਂ ਸਿਫ਼ਾਰਸ਼ਾਂ ਨੂੰ ਦਰਸਾਉਂਦਾ ਹੈ। ਡਾ. ਸਾਹਨੀ ਨੇ ਇਹ ਵੀ ਕਿਹਾ ਕਿ ਬਜਟ ਵਿੱਚ ਪੰਜਾਬ ਵਿਜ਼ਨ 2047 ਦੀਆਂ ਕਾਰਜਸ਼ੀਲ ਰਣਨੀਤੀਆਂ ਨੂੰ ਸ਼ਾਮਲ ਕਰਨਾ ਸਾਡੇ ਰਾਜ ਲਈ ਇੱਕ ਤਬਦੀਲੀ ਵਾਲਾ ਪਲ ਹੈ। ਇਹ ਸਹਿਯੋਗੀ ਪਹੁੰਚ 2047 ਤੱਕ ਪੰਜਾਬ ਦੀ ਖੁਸ਼ਹਾਲੀ, ਸਥਿਰਤਾ ਅਤੇ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਵੱਲ ਯਾਤਰਾ ਨੂੰ ਯਕੀਨੀ ਬਣਾਏਗੀ।

ਆਵਾਜ਼ਿ ਕੌਮ AWAZE QAUM International Newspaper & WEB TV

### 28 ਮਾਰਚ ਨੂੰ ਡੀ.ਸੀ ਦਫਤਰ ਘੇਰਨ ਸੰਬੰਧੀ ਭਾਕਿਯੂ ਉਗਰਾਹਾਂ ਨੇ

# ਵੱਖ-ਵੱਖ ਪਿੰਡਾਂ 'ਚ ਕੀਤੀਆਂ ਮੀਟਿੰਗਾਂ



ਆਵਾਜ਼ਿ ਕੌਮ AWAZE QAUM International Newspaper & WEB TV

**ਤਲਵੰਡੀ ਸਾਬੋ, 26 ਮਾਰਚ (ਗੁਰਜੰਟ ਸਿੰਘ ਨਥੇਹਾ)**- ਬੀਤੇ ਦਿਨੀਂ ਕੇਂਦਰ ਤੇ ਪੰਜਾਬ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਸੰਘਰਸ਼ਸ਼ੀਲ ਕਿਸਾਨਾਂ ਦੇ ਚੋਟੀ ਆਗੂਆਂ ਨੂੰ ਗ੍ਰਿਫਤਾਰ ਕਰਨ ਅਤੇ ਸ਼ੰਭੂ ਖਨੌਰੀ ਮੋਰਚਿਆਂ ਵਿੱਚ ਜਬਰ ਢਾਹੁਣ ਦੇ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਭਾਰਤ ਪੱਧਰੀ ਡੀ.ਸੀ ਦਫ਼ਤਰ 'ਤੇ ਵੱਡੇ ਇਕੱਠ ਕਰਕੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਜਿਸ ਦੀ ਤਿਆਰੀ ਵੱਜੋਂ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਦੇ ਵੱਖ-ਵੱਖ ਪਿੰਡਾਂ ਵਿਚ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਤੇ ਬਲਾਕ ਜਨਰਲ ਸਕੱਤਰ ਕਾਲਾ ਚੱਠੇਵਾਲਾ ਨੇ ਕਿਹਾ ਕਿ ਕੇਂਦਰੀ ਅਤੇ ਪੰਜਾਬ ਦੇ ਮੰਤਰੀਆਂ ਦੁਆਰਾ ਹੱਕੀ ਕਿਸਾਨੀ ਮੰਗਾਂ ਨੂੰ ਲੈ ਕੇ 13 ਮਹੀਨਿਆਂ ਤੋਂ ਸ਼ੰਭੂ ਖਨੌਰੀ ਸ਼ਾਂਤਮਈ ਮੋਰਚਿਆਂ ਵਿੱਚ ਬੈਠੇ ਕਿਸਾਨਾਂ ਦੇ ਆਗੂਆਂ ਨਾਲ ਸੱਤਵੇਂ ਗੇੜ ਦੀ ਗੱਲਬਾਤ ਤੋਂ ਬਾਅਦ ਉਨ੍ਹਾਂ ਨੂੰ ਚੰਡੀਗੜ੍ਹ ਬਾਰਡਰ 'ਤੇ ਗ੍ਰਿਫਤਾਰ ਕਰਨ ਅਤੇ ਮੋਰਚਿਆਂ 'ਚ ਸ਼ਾਮਲ ਕਿਸਾਨਾਂ ਨੂੰ ਧੱਕੇਸ਼ਾਹੀ ਨਾਲ਼ ਖਿੰਡਾਉਣ ਲਈ ਭਾਰੀ ਪੁਲਸ ਫੋਰਸ ਦੀ ਵਰਤੋਂ ਕਰਕੇ ਤਾਨਾਸ਼ਾਹ ਰੱਵਈਆ ਹੋਣ ਦਾ ਸਬੂਤ ਦਿੱਤਾ ਹੈ। ਸਰਕਾਰਾਂ ਦੇ ਇਸ ਜਾਬਰ ਵਤੀਰੇ ਨੂੰ ਕਿਸਾਨਾਂ ਨਾਲ਼ ਦੁਸ਼ਮਣੀ ਕਰਾਰ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਸ਼ੰਭੂ ਬਾਰਡਰ ਉੱਤੇ ਤਾਂ ਕਿਸਾਨਾਂ ਨੂੰ ਲਾਠੀਆਂ ਨਾਲ ਖਦੇੜਨ ਲਈ ਤਾਣ ਲਾਇਆ ਗਿਆ ਹੈ ਅਤੇ ਭੰਨਤੋੜ ਵਰਗੇ ਹੋਰ ਜਾਬਰ ਹਥਕੰਡੇ ਵੀ ਵਰਤੇ ਗਏ ਹਨ। ਔਰਤਾਂ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਚੰਡੀਗੜ੍ਹ ਮੋਰਚੇ ਵੇਲੇ ਐੱਸ ਕੇ ਐੱਮ ਦੇ ਸੈਂਕੜੇ ਆਗੂਆਂ ਨੂੰ ਗ੍ਰਿਫਤਾਰ ਕਰਨ ਅਤੇ ਹੁਣ ਇਹ ਜਾਬਰ ਹੱਲਾ ਸਰਕਾਰਾਂ ਦਾ ਕਾਰਪੋਰੇਟ ਨੀਤੀਆਂ ਪ੍ਰਤੀ ਡੁੱਲ੍ਹ ਡੁੱਲ੍ਹ ਪੈਂਦੇ ਹੇਜ ਅਤੇ ਕਿਸਾਨਾਂ ਨਾਲ਼ ਨੰਗੀ ਚਿੱਟੀ ਦੁਸਮਣੀ ਦਾ ਸਬੂਤ ਹੈ। ਮੋਦੀ ਸਰਕਾਰ ਵੱਲੋਂ ਸਾਮਰਾਜੀ ਅਮਰੀਕਾ ਨਾਲ਼ ਖੁੱਲ੍ਹੇ ਵਪਾਰ ਦਾ ਸਮਝੌਤਾ ਅਤੇ ਹੋਰ ਸਾਮਰਾਜੀ ਤਾਕਤਾਂ ਨਾਲ ਅਜਿਹੇ ਮੇਲ ਮਿਲਾਪ ਦੇ ਯਤਨ ਇਹੀ ਦਰਸਾਉਂਦੇ ਹਨ। ਉਨ੍ਹਾਂ ਵੱਲੋਂ ਮੰਗ ਕੀਤੀ ਗਈ ਹੈ ਕਿ ਖੁਦ ਹਰਿਆਣਾ ਪੁਲਿਸ ਵੱਲੋਂ ਜਾਮ ਕੀਤੇ ਕੌਮੀ ਸੜਕ ਮਾਰਗ ਖੁਲ੍ਹਵਾਉਣ ਦੀ ਬਜਾਏ ਕਿਸਾਨਾਂ ਉੱਤੇ ਜਬਰ ਢਾਹੁਣਾ ਜਮਹੂਰੀਅਤ ਦੀਆਂ ਧੱਜੀਆਂ ਉਡਾਉਣਾ ਹੈ। ਪੂਰੇ ਦੇਸ਼ ਦੇ ਕਿਸਾਨ ਐੱਮ.ਐੱਸ.ਪੀ ਦੀ ਕਾਨੂੰਨੀ ਗਰੰਟੀ ਸਮੇਤ ਦਿੱਲੀ ਘੋਲ਼ ਮੁਲਤਵੀ ਕਰਨ ਸਮੇਂ ਕੇਂਦਰੀ ਖੇਤੀ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਲਿਖਤੀ ਵਾਅਦਾ ਪੱਤਰ ਦੀਆਂ ਸਾਰੀਆਂ ਮੰਗਾਂ ਅਤੇ ਨਵਾਂ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕਰਨ ਦੀਆਂ ਬਿਲਕੁਲ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ਸ਼ੀਲ ਹਨ। ਕਿਸਾਨ ਆਗੂਆਂ ਨੇ ਦੱਸਿਆ ਕਿ ਗ੍ਰਿਫਤਾਰ ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਭੰਨਤੋੜ ਦਾ ਮੁਆਵਜ਼ਾ ਦਿੱਤਾ ਜਾਵੇ ਤੇ ਭੰਨਤੋੜ ਕਰਨ ਵਾਲੇ ਅਧਿਕਾਰੀਆਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕਿਸਾਨ ਆਗੂਆਂ ਨੇ ਸਮੂਹ ਕਿਸਾਨਾਂ, ਮਜ਼ਦੂਰਾਂ ਅਤੇ ਸਾਮਰਾਜ ਪੱਖੀ ਨੀਤੀਆਂ ਦੇ ਝੰਬੇ ਮੁਲਾਜ਼ਮਾਂ, ਛੋਟੇ ਵਪਾਰੀਆਂ ਆਦਿ ਸਾਰੇ ਕਿਰਤੀ ਲੋਕਾਂ ਨੂੰ ਸਾਂਝੇ ਸੰਘਰਸ਼ਾਂ ਦੇ ਮੈਦਾਨ ਵਿੱਚ 28 ਮਾਰਚ ਨੂੰ ਡੀਸੀ ਦਫ਼ਤਰ ਬਠਿੰਡਾ ਵਿਖੇ ਵੱਡੇ ਇਕੱਠ ਕਰਕੇ ਸਰਕਾਰ ਨੂੰ ਤਾਨਾਸ਼ਾਹ ਰੱਵਈਆ ਖਿਲਾਫ ਡੱਟਣ ਦਾ ਹੋਕਾ ਦਿੱਤਾ।



### ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਵੱਲੋਂ

# ਬੰਦੀ ਸਿੰਘਾਂ ਸਬੰਧੀ ਅਪਣਾਈ ਉਦਾਸੀਨ ਨੀਤੀ ਦੀ ਕੀਤੀ ਕਰੜੀ ਆਲੋਚਨਾ

**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਉੱਤੇ ਅਪਣਾਈ ਜਾ ਰਹੀ ਉਦਾਸੀਨ ਨੀਤੀ ਦੀ ਕਰੜੀ ਆਲੋਚਨਾ ਕਰਦਿਆਂ ਸਰਕਾਰ ਦੀ ਇਸ ਪਹੁੰਚ ਨੂੰ ਮਾਨਵੀ ਅਧਿਕਾਰਾਂ ਦੀ ਉਲੰਘਣਾ, ਨਿਆਂ ਦੀਆਂ ਕਦਰਾਂ ਕੀਮਤਾਂ ਦੀ ਤੌਹੀਨ ਅਤੇ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ। ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੇ ਇਸ ਸੰਜੀਦਾ ਮਾਮਲੇ ਉੱਤੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਯਤਨ ਕਰ ਰਹੀ ਹੈ ਪਰ ਕੇਂਦਰ ਸਰਕਾਰ ਦਾ ਨਕਾਰਾਤਮਕ ਰਵੱਈਆ ਇਸ ਵਿੱਚ ਅੜਿੱਕਾ ਬਣਿਆ ਹੋਇਆ ਹੈ। ਉਨ੍ਹਾਂ ਆਖਿਆ ਬੀਤੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਪੰਜ ਮੈਂਬਰੀ ਕਮੇਟੀ ਦੀ ਗਠਨ ਕੀਤਾ ਗਿਆ ਸੀ, ਲੇਕਿਨ ਦੁਖਦ ਪਹਿਲੂ ਇਹ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੁਮਾਇੰਦਗੀ ਵਾਲੀ ਕਮੇਟੀ ਨੂੰ ਸਮਾਂ ਦੇਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਲਈ ਕਈ ਯਤਨ ਕੀਤੇ ਗਏ ਲੇਕਿਨ ਡੇਢ ਸਾਲ ਤੋਂ ਵੱਧ ਸਮਾਂ ਬੀਤਣ ਬਾਅਦ ਸਰਕਾਰ ਵੱਲੋਂ ਨਿਰਾਸ਼ਾਜਨਕ ਜਵਾਬ ਮਿਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੂੰ ਬੀਤੇ ਦਿਨੀਂ ਕੇਂਦਰ ਸਰਕਾਰ ਵੱਲੋਂ ਭੇਜੀ ਗਈ ਸੂਚਨਾ ਅਨੁਸਾਰ ਬੰਦੀ ਸਿੰਘਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਜ ਮੈਂਬਰੀ ਕਮੇਟੀ ਨੇ ਜੋ ਸਮਾਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਲਈ ਦਸੰਬਰ 2023 ਵਿੱਚ ਮੰਗਿਆ ਸੀ, ਜਿਸ ਨੂੰ 21 ਮਾਰਚ 2025 ਨੂੰ ਇਹ ਕਹਿੰਦਿਆਂ ਬੰਦ ਕਰ ਦਿੱਤਾ ਗਿਆ ਹੈ ਕਿ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਪਾਸ ਵਿਚਾਰ ਅਧੀਨ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਪਾਸ ਵਿਚਾਰ ਅਧੀਨ ਹੈ ਤਾਂ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਸਰਕਾਰ ਵੱਲੋਂ ਫੈਸਲਾ ਕਿਉਂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਇਹ ਕਿਹਾ ਗਿਆ ਸੀ ਕਿ ਇਸ ਮਾਮਲੇ ਸਬੰਧੀ ਗ੍ਰਹਿ ਮੰਤਰੀ ਨਾਲ ਗੱਲਬਾਤ ਕੀਤੀ ਜਾਵੇ ਪਰੰਤੂ ਗ੍ਰਹਿ ਮੰਤਰਾਲੇ ਵੱਲੋਂ ਵੀ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਸਿੱਖ ਭਾਵਨਾਵਾਂ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਨੇ ਲੰਮੀਆਂ ਸਜ਼ਾਵਾਂ ਵੀ ਭੁਗਤ ਲਈਆਂ ਹਨ, ਇਸ ਲਈ ਭਾਰਤ ਸਰਕਾਰ ਨੂੰ ਬਿਨਾਂ ਦੇਰੀ ਫੈਸਲਾ ਲੈਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਨਿਆਂ ਦਾ ਨਿਯਮ ਸਭ ਲਈ ਇੱਕਸਾਰ ਲਾਗੂ ਕਰਨਾ ਸਰਕਾਰਾਂ ਦੀ ਜਿੰਮੇਵਾਰੀ ਹੈ ਅਤੇ ਇਸ 'ਤੇ ਰਾਜਸੀ ਪਹੁੰਚ ਠੀਕ ਨਹੀਂ ਹੈ। ਲਿਹਾਜ਼ਾ ਬੰਦੀ ਸਿੰਘਾਂ ਨੂੰ ਨਿਆਂ ਦੇ ਕੇ ਸਰਕਾਰ ਆਪਣੀ ਜਿੰਮੇਵਾਰੀ ਨਿਭਾਏ ਤਾਂ ਜੋ ਸਿੱਖਾਂ ਅੰਦਰ ਬੇਵਿਸ਼ਵਾਸੀ ਦੀ ਭਾਵਨਾ ਨਾ ਬਣੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਗੁਰਮੀਤ ਸਿੰਘ ਬੂਹ, ਓਐੱਸਡੀ ਸ. ਸਤਬੀਰ ਸਿੰਘ ਧਾਮੀ ਵੀ ਮੌਜੂਦ ਸਨ।



**ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਜ ਮੈਂਬਰੀ ਕਮੇਟੀ ਨੂੰ ਪ੍ਰਧਾਨ ਮੰਤਰੀ ਵੱਲੋਂ ਮੁਲਾਕਾਤ ਲਈ ਸਮਾਂ ਨਾ ਦੇਣਾ ਠੀਕ ਨਹੀਂ- ਐਡਵੋਕੇਟ ਹਰਜਿੰਦਰ ਸਿੰਘ ਧਾਮੀ**

# ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਇਕੱਤਰਤਾ 29 ਮਾਰਚ ਨੂੰ ਸੰਗਰੂਰ ਵਿਖੇ ਹੋਵੇਗੀ



ਆਵਾਜ਼ਿ ਕੌਮ AWAZE QAUM International Newspaper & WEB TV

**ਸੰਗਰੂਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਬਣੀ ਕਮੇਟੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਚਲਾਈ ਜਾ ਰਹੀ ਭਰਤੀ ਮੁਹਿੰਮ ਤਹਿਤ ਜ਼ਿਲ੍ਹਾ ਸੰਗਰੂਰ ਵਿਖੇ 29 ਮਾਰਚ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਸੁਨਾਮ ਰੋਡ 'ਤੇ ਸਥਿਤ ਕੈਲੇਫੋਰਨੀਆ ਰਿਜ਼ੌਰਟ ਸੰਗਰੂਰ ਪੰਥਕ ਇਕੱਤਰਤਾ ਹੋਵੇਗੀ। ਮੈਂ ਸਮੂਹ ਪੰਥਕ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਨਿਹੰਗ ਸਿੰਘ ਜਥੇਬੰਦੀਆਂ, ਰਾਗੀ ਅਤੇ ਕੀਰਤਨੀ ਜਥੇਬੰਦੀਆਂ, ਵਰਕਰ ਸਾਹਿਬਾਨ ਅਤੇ ਸਾਰੇ ਵਰਗਾਂ ਨੂੰ ਹਾਰਦਿਕ ਅਪੀਲ ਕਰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਬਹਾਲ ਕਰਾਉਣ ਤੇ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੂੰ ਨਵੇਂ ਸਿਰਿਓਂ ਸੁਰਜੀਤ ਕਰਨ ਦੇ ਇਤਿਹਾਸਕ ਪੰਥਕ ਕਾਰਜ ਦਾ ਹਿੱਸਾ ਬਣੀਏ।

# ਸਿੱਖ ਧਰਮ ਅਧਿਐਨ ਦੇ ਵਿਦਿਆਰਥੀਆਂ ਨੂੰ ਮਹੀਨਾਵਾਰ 2000 ਰੁਪਏ ਵਜ਼ੀਫਾ ਦਿੱਤਾ



ਆਵਾਜ਼ਿ ਕੌਮ AWAZE QAUM International Newspaper & WEB TV

**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਐਮ.ਏ. ਧਰਮ ਅਧਿਐਨ ਅਤੇ ਐਮ.ਏ. ਸਿੱਖ ਧਰਮ ਅਧਿਐਨ ਦੇ ਵਿਦਿਆਰਥੀਆਂ ਨੂੰ ਮਹੀਨਾਵਾਰ 2000 ਰੁਪਏ ਵਜ਼ੀਫਾ ਦਿੱਤਾ ਜਾਂਦਾ ਹੈ। ਇਸ ਦੇ ਅੰਤਰਗਤ ਅੱਠ ਅੰਮ੍ਰਿਤਧਾਰੀ ਵਿਦਿਆਰਥੀ ਅਤੇ ਇੱਕ ਗੈਰ ਸਿੱਖ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਅੱਜ ਮਿਤੀ 26-03-2025 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਚੈੱਕ ਵੰਡੇ ਗਏ। ਇਸ ਮੌਕੇ ਵਧੀਕ ਸਕੱਤਰ ਸ. ਬਿਜੈ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸੁਪਰਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਡਾ. ਅਮਰਜੀਤ ਕੌਰ ਇੰਚਾਰਜ, ਧਾਰਮਿਕ ਵਿੱਦਿਆ, ਸ. ਭੁਪਿੰਦਰ ਸਿੰਘ ਸੁਪਰਵਾਈਜ਼ਰ ਧਾਰਮਿਕ ਵਿਦਿਆ ਅਤੇ ਸ. ਗੁਰਮੇਜ ਸਿੰਘ ਹਾਜ਼ਰ ਸਨ।

# ਹਠੂਰ ਵਿੱਚ ਪਸ਼ੂਆਂ ਵਾਲੇ ਹਸਪਤਾਲ ਦਾ ਕੀਤਾ ਉਦਘਾਟਨ : ਸਤਿਗੁਰਾਂ ਦੇ ਮੁਬਾਰਕ ਚਰਨ ਪਵਾਏ ਤੇ ਸੁਖਮਨੀ ਸਾਹਿਬ ਦੇ ਹੋਏ ਜਾਪ



ਆਵਾਜ਼ਿ ਕੌਮ AWAZE QAUM International Newspaper & WEB TV

**ਹਠੂਰ/ ਜਗਰਾਉਂ -(ਵਰਿਆਮ ਹਠੂਰ)** ਜ਼ਿਲ੍ਹਾ ਲੁਧਿਆਣਾ ਦੇ ਸੰਘਣੀ ਆਬਾਦੀ ਵਾਲੇ ਇਤਿਹਾਸਕ ਕਸਬਾ ਹਠੂਰ ਵਿਖੇ ਬੜੇ ਲੰਬੇ ਸਮੇਂ ਤੋਂ ਬੰਦ ਪਏ ਪਸ਼ੂਆਂ ਵਾਲੇ ਹਸਪਤਾਲ ਨੂੰ ਅਗਾਂਹ ਵਧੂ ਸੋਚ ਰੱਖਣ ਵਾਲੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਨਗਰ ਅਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਸਦਕਾ ਨਵੀਂ ਦਿੱਖ ਦੇ ਕੇ ਉਦਘਾਟਨ ਕਰਕੇ ਸ਼ੁਰੂਆਤ ਕੀਤੀ ਗਈ, ਸਵੇਰੇ ਹਸਪਤਾਲ ਵਿੱਚ ਸਤਿਗੁਰਾਂ ਦੇ ਮੁਬਾਰਕ ਚਰਨ ਪਵਾਏ ਗਏ ਅਤੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਨਗਰ ਦੀ ਸਮੂਹ ਗ੍ਰਾਮ ਪੰਚਾਇਤ ਅਤੇ ਇਕੱਤਰ ਗੁਰਸੰਗਤਾਂ ਨੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਰੀਬਨ ਕੱਟਣ ਦੀ ਰਸਮ ਡਾਕਟਰ ਦਰਸ਼ਨ ਸਿੰਘ ਮੀਨੀਆਂ ਨੇ ਤਾੜੀਆਂ ਦੀ ਗੂੰਜ ਵਿੱਚ ਨਿਭਾਈ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਅਤੇ ਵਾਰਡ ਨੰਬਰ 6 ਤੋਂ ਪੰਚ ਜਗਦੇਵ ਸਿੰਘ ਬੱਬੂ ਗਰੇਵਾਲ ਨੇ ਕਿਹਾ ਕਿ ਤਕਰੀਬਨ ਵੀਹ ਪੱਚੀ ਸਾਲ ਦੇ ਲੰਬੇ ਅਰਸੇ ਤੋਂ ਬੰਦ ਪਏ ਪਸ਼ੂਆਂ ਵਾਲੇ ਹਸਪਤਾਲ ਨੂੰ ਚਾਲੂ ਕਰਵਾਉਣਾ ਨਗਰ ਦੇ ਲੋਕਾਂ ਲਈ ਮੁੱਖ ਲੋੜ ਸੀ। ਕਿਉਂਕਿ ਇਤਿਹਾਸਕ ਕਸਬਾ ਹਠੂਰ ਇੱਕ ਸੰਘਣੀ ਆਬਾਦੀ ਵਾਲਾ ਕਸਬਾ ਹੈ। ਤੇ ਪਸ਼ੂਆਂ ਵਾਲਾ ਹਸਪਤਾਲ ਬੰਦ ਹੋਣ ਕਾਰਨ ਲੋਕਾਂ ਨੂੰ ਪਸ਼ੂਆਂ ਦੇ ਇਲਾਜ ਲਈ ਖੱਜਲਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ, ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਨਗਰ ਨਿਵਾਸੀਆਂ ਅਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਸਦਕਾ ਹਸਪਤਾਲ ਨੂੰ ਨਵੀਂ ਦਿੱਖ ਦੇ ਕੇ ਸ਼ੁਰੂਆਤ ਕੀਤੀ ਗਈ ਹੈ। ਜੋ ਪਸ਼ੂਆਂ ਦੇ ਇਲਾਜ ਲਈ ਲਾਹੇਵੰਦ ਕੋਸ਼ਿਸ਼ ਸਾਬਤ ਹੋਵੇਗੀ, ਸਮੂਹ ਨਗਰ ਨਿਵਾਸੀਆਂ ਅਤੇ ਐੱਨ ਆਰ ਆਈ ਵੀਰਾਂ ਸਹਿਯੋਗੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਇਸ ਮੌਕੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ, ਟਰੱਕ ਯੂਨੀਅਨ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਧਾਲੀਵਾਲ ਹਠੂਰ, ਜਗਜੀਤ ਸਿੰਘ ਯੂ ਐੱਸ ਏ, ਇੰਦਰਪਾਲ ਸਿੰਘ ਕੈਨੇਡਾ, ਦਰਸ਼ਨ ਸਿੰਘ ਧਾਲੀਵਾਲ, ਡਾਕਟਰ ਦਰਸ਼ਨ ਸਿੰਘ ਮੀਨੀਆਂ, ਅਮਰਜੀਤ ਸਿੰਘ ਬੈਲਜੀਅਮ, ਪਰਮਲ ਸਿੰਘ ਕੈਨੇਡਾ, ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਹਠੂਰ, ਕਮਲਜੀਤ ਸਿੰਘ ਧਾਲੀਵਾਲ, ਪੰਚ ਜਗਦੀਪ ਸਿੰਘ ਦੀਪਾ, ਪੰਚ ਜਗਦੇਵ ਸਿੰਘ ਬੱਬੂ ਗਰੇਵਾਲ, ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਖਾਲਸਾ, ਪੰਚ ਪਾਲਾ ਸਿੰਘ, ਪੰਚ ਮੁਖਤਿਆਰ ਸਿੰਘ, ਸੈਕਟਰੀ ਬਲਜਿੰਦਰ ਸਿੰਘ ਮਾਛੀਕੇ, ਬੱਬੂ ਹਠੂਰ, ਸਾਬਕਾ ਪੰਚ ਬਲਵੀਰ ਸਿੰਘ ਬੁੱਟਰ, ਛੋਟਾ ਸਿੰਘ, ਅਨੂਪ ਸਿੰਘ ਉੱਪਲ, ਛਿੰਦਾ ਉੱਪਲ, ਅਮਨਾ ਵਾਸੀ, ਬੱਗੀ ਹਠੂਰ, ਹਾਕੀ ਕੋਚ ਪ੍ਰੀਤਮ ਸਿੰਘ ਹਠੂਰ, ਹਾਕੀ ਕੋਚ ਰੇਸ਼ਮ ਸਿੰਘ ਪਾਲ, ਚਮਕੌਰ ਸਿੰਘ ਕੌਰੀ, ਸੋਨੀ ਗਰੇਵਾਲ ਹਠੂਰ, ਸਮੇਤ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

### ਭਾਈ ਮਹਿਲ ਸਿੰਘ ਜੀ ਬੱਬਰ ਦਾ ਅਕਾਲ ਚਲਾਣਾ ਕਰ ਜਾਣਾ

# ਪੰਥਕ ਹਲਕਿਆਂ ਲਈ ਦੁੱਖਦਾਈ ਖਬਰ




ਲਗਭਗ 45 ਸਾਲ ਤੋਂ ਪੰਥਕ ਸੰਘਰਸ਼ ਵਿੱਚ ਸੇਵਾ ਨਿਭਾ ਰਹੇ ਭਾਈ ਮਹਿਲ ਸਿੰਘ ਬੱਬਰ ਦੇ ਲੰਬੀ ਜਲਾਵਤਨੀ ਦੌਰਾਨ ਪਾਕਿਸਤਾਨ ਦੀ ਧਰਤੀ ’ਤੇ ਸ਼੍ਰੀ ਨਨਕਾਣਾ ਸਾਹਿਬ ਵਿੱਖੇ ਹੋਏ ਅਕਾਲ ਚਲਾਣੇ

ਆਵਾਜ਼ਿ ਕੌਮ AWAZE QAUM
International Newspaper & WEB TV

ਦੀ ਖਬਰ ਮਿਲੀ ਹੈ।ਪੰਥਕ ਸੰਘਰਸ਼ ਦੇ ਹੀਰਿਆਂ ਦਾ ਵਿਛੋੜਾ ਕੌਮ ਲਈ ਵੱਡਾ ਘਾਟਾ ਹੈ।ਭਾਈ ਮਹਿਲ ਸਿੰਘ ਬੱਬਰ,ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਾਈ ਸਨ।

ਮੈਨੂੰ ਬੱਬਰ(ਦਾਸੂਵਾਲ)ਪਰਿਵਾਰ ਵਿੱਚ ਆਪਣੇ ਬਚਪਨ ਗੁਜਾਰਣ ਤੋਂ ਲੈਕੇ ਧਰਮ ਯੁੱਧ ਮੋਰਚੇ ਦੌਰਾਨ ਏਨਾਂ ਪੰਥਕ ਸਖਸ਼ੀਅਤਾਂ ਨਾਲ ਸੰਘਰਸ਼ ਵਿੱਚ ਵਿਚਰਣ,ਜੇਲ ਸਮੇਂ ਦੌਰਾਨ ਏਨਾਂ ਦੇ ਸਹਿਯੋਗ ਅਤੇ ਏਨਾਂ ਦੀ ਅਗਵਾਈ ਵਿੱਚ ਬੱਬਰ ਸਿੱਖ ਵਿਦਿਆਰਥੀ ਜਥੇਬੰਦੀ ਵਿੱਚ ਕੀਤੀ ਸੇਵਾ ਮੈਨੂੰ ਹਮੇਸ਼ਾਂ ਯਾਦ ਰਹੇਗੀ।

ਵਾਹਿਗੁਰੂ ਭਾਈ ਸਾਹਿਬ ਨੂੰ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ।



## ਵੱਲੋਂ : ਵਿਰਸਾ ਸਿੰਘ ਵਲਟੋਹਾ

# ਸਿੱਖ ਚਿੰਤਕ ਭਗਵਾਨ ਸਿੰਘ ਜੌਹਲ ਅੱਜ ਅਕਾਸ਼ਵਾਣੀ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਵਿੱਚ ਵਾਰਤਾ ਪਸਾਰਤ ਕਰਨਗੇ

ਜਲੰਧਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)-ਜਾਣੇ ਪਛਾਣੇ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਅੱਜ 27 ਮਾਰਚ ਵੀਰਵਾਰ ਨੂੰ ਸ਼ਾਮ ਸਾਢੇ ਪੰਜ ਵਜੇ ਅਕਾਸ਼ਵਾਣੀ ਦੇ ਸਭ ਤੋਂ ਵੱਧ ਸੁਣੇ ਜਾਂਦੇ ਪ੍ਰੋਗਰਾਮ ਗੁਰਬਾਣੀ ਵਿਚਾਰ ਵਿੱਚ ‘ਸ਼ਬਦ ਗੁਰੂ ਸੁਰਤਿ ਧੁਨਿ ਚੇਲਾ’ ’ਤੇ ਆਧਾਰਿਤ ਵਾਰਤਾ ਪ੍ਰਸਾਤ ਕਰਨਗੇ। ਇਸ ਪ੍ਰੋਗਰਾਮ ਦੇ ਐਗਜ਼ਿਕਿਊਟਿਵ ਪਰਮਜੀਤ ਸਿੰਘ ਹਨ, ਜੋ ਖ਼ੁਦ ਗੁਰਬਾਣੀ ਦੇ ਗਿਆਤਾ ਤੇ ਪ੍ਰਭਾਵਸ਼ਾਲੀ ਬੁਲਾਰੇ ਹਨ।

ਆਵਾਜ਼ਿ ਕੌਮ AWAZE QAUM
International Newspaper & WEB TV



# ਪੰਜਾਬ ਬਜਟ 2025: ਵਾਅਦਿਆਂ ਦੀ ਉਲੰਘਣਾ ਅਤੇ ਕਰਜ਼ੇ ਦਾ ਬੋਝ ਭਗਵੰਤ ਮਾਨ ਦੀ ਆਪ ਸਰਕਾਰ ਨੇ ਇੱਕ ਵਾਰ ਫਿਰ ਪੰਜਾਬ ਨੂੰ ਧੋਖਾ ਦਿੱਤਾ - ਖਹਿਰਾ

ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਹੇਠ ਪੇਸ਼ ਕੀਤਾ ਗਿਆ ਪੰਜਾਬ ਦਾ 2025 ਦਾ ਬਜਟ ਇੱਕ ਖੋਖਲਾ ਡਰਾਮਾ ਹੈ—ਇੱਕ ਅੱਖਾਂ ਵਿੱਚ ਧੂੜ ਪਾਉਣ ਵਾਲਾ ਦਸਤਾਵੇਜ਼, ਜੋ ਸਰਕਾਰ ਦੀ ਅਯੋਗਤਾ, ਟੁੱਟੇ ਵਾਅਦਿਆਂ ਅਤੇ ਪੰਜਾਬ ਦੇ ਲੋਕਾਂ ਪ੍ਰਤੀ ਪੂਰੀ ਬੇਰੁਖੀ ਨੂੰ ਬੇਨਕਾਬ ਕਰਦਾ ਹੈ।ਆਪਣੇ ਵੱਡੇ-ਵੱਡੇ ਵਾਅਦਿਆਂ ਨੂੰ ਪੂਰਾ ਕਰਨ ਤੋਂ ਦੂਰ, ਇਹ ਬਜਟ ਆਪ ਸਰਕਾਰ ਦੀਆਂ ਗਲਤ ਤਰਜੀਹਾਂ ਅਤੇ ਰਾਜ ਦੀ ਵਿੱਤੀ ਬਰਬਾਦੀ ਵਿੱਚ ਇਸ ਦੇ ਖਤਰਨਾਕ ਯੋਗਦਾਨ ਨੂੰ ਸਾਫ਼ ਉਜਾਗਰ ਕਰਦਾ ਹੈ।



ਮੁੱਖ ਨੁਕਤੇ: ਔਰਤਾਂ ਨੂੰ 1,000 ਰੁਪਏ ਦੇਣ ਵਿੱਚ ਨਾਕਾਮੀ - ਟੁੱਟਿਆ ਸਟਾਰ ਵਾਅਦਾ ਤੀਜੇ ਬਜਟ ਦੇ ਬਾਵਜੂਦ, ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀਆਂ ਔਰਤਾਂ ਨੂੰ ਹਰ ਮਹੀਨੇ 1,000 ਰੁਪਏ ਦੇਣ ਦੇ ਆਪਣੇ ਪ੍ਰਮੁੱਖ ਵਾਅਦੇ ਨੂੰ ਪੂਰਾ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਇਹ ਆਪ ਦੀ ਚੋਣ ਮੁਹਿੰਮ ਦਾ ਮੁੱਖ ਆਧਾਰ ਸੀ, ਪਰ ਇਹ ਅਜੇ ਵੀ ਇੱਕ ਅਧੂਰਾ ਸੁਪਨਾ ਹੈ, ਜਿਸ ਨਾਲ ਲੱਖਾਂ ਔਰਤਾਂ ਨਿਰਾਸ਼ ਹੋਈਆਂ ਹਨ।ਹਾਲ ਹੀ ਵਿੱਚ ਇਸ ਬਜਟ ਵਿੱਚ ਅਮਲ ਦੇ ਝੂਠੇ ਭਰੋਸੇ ਦੇਣ ਦੇ ਬਾਵਜੂਦ, ਸਰਕਾਰ ਨੇ ਇੱਕ ਵਾਰ ਫਿਰ ਆਪਣੀ ਅਸਮਰੱਥਾ ਦਿਖਾਈ ਹੈ, ਜੋ ਸਾਬਤ ਕਰਦੀ ਹੈ ਕਿ ਇਸ ਦੇ ਵਾਅਦੇ ਸਿਰਫ਼ ਖੋਖਲੇ ਨਾਅਰੇ ਹਨ।

**ਕਿਸਾਨਾਂ ਲਈ ਨਾਕਾਫ਼ੀ ਫੰਡ - ਖੇਤੀਬਾੜੀ ’ਤੇ ਬੇਰਹਿਮ ਮਜ਼ਾਕ** : ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਖੇਤੀਬਾੜੀ ਲਈ 14,000 ਕਰੋੜ ਰੁਪਏ ਦੀ ਘਟੀਆ ਰਾਸ਼ੀ ਬਹੁਤ ਹੀ ਨਾਕਾਫ਼ੀ ਹੈ। ਜੇ ਟਿਊਬਵੈੱਲਾਂ ਲਈ

ਆਵਾਜ਼ਿ ਕੌਮ AWAZE QAUM
International Newspaper & WEB TV

ਮੁਫਤ ਬਿਜਲੀ ਸਬਸਿਡੀ—ਜੋ ਪਹਿਲਾਂ ਤੋਂ ਮੌਜੂਦ ਸੀ—ਨੂੰ ਘਟਾਇਆ ਜਾਵੇ, ਤਾਂ ਖੇਤੀਬਾੜੀ ਵਿੱਚ ਅਸਲ ਨਿਵੇਸ਼ ਨਾਮਮਾਤਰ ਰਹਿ ਜਾਂਦਾ ਹੈ। ਇਹ ਪੰਜਾਬ ਦੇ ਕਿਸਾਨਾਂ ਨਾਲ ਬੇਰਹਿਮ ਮਜ਼ਾਕ ਹੈ, ਜੋ ਵਧਦੀਆਂ ਲਾਗਤਾਂ, ਠਹਿਰੇ ਹੋਏ ਆਮਦਨ ਅਤੇ ਅਰਥਪੂਰਨ ਸਹਾਇਤਾ ਦੀ ਘਾਟ ਨਾਲ ਜੂਝ ਰਹੇ ਹਨ। ਫਸਲੀ ਵਿਭਿੰਨਤਾ, ਆਧੁਨਿਕ ਸਿੰਚਾਈ ਅਤੇ ਕਰਜ਼ਾ ਰਾਹਤ ਉਪਾਵਾਂ ਵੱਲ ਆਪ ਸਰਕਾਰ ਦੀ ਉਦਾਸੀਨਤਾ ਖੇਤੀ ਸੰਕਟ ਪ੍ਰਤੀ ਇਸ ਦੀ ਬੇਪਰਵਾਹੀ ਨੂੰ ਹੋਰ ਉਜਾਗਰ ਕਰਦੀ ਹੈ।

**ਮਾਲਵਾ ਨਹਿਰ ਪ੍ਰੋਜੈਕਟ ਲਈ ਕੋਈ ਫੰਡ ਨਹੀਂ - ਵਿਕਾਸ ਦਾ ਭੁਲੇਖਾ**

ਵੱਡੇ ਜਸ਼ਨਾਂ ਦੇ ਨਾਲ, ਮੁੱਖ ਮੰਤਰੀ ਭਗਵੰਤ ਮਾਨ ਨੇ ਮਾਲਵਾ ਨਹਿਰ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ ਸੀ, ਜਿਸ ਨਾਲ ਖੇਤਰ ਵਿੱਚ ਸਿੰਚਾਈ ਵਧਾਉਣ ਦਾ ਵਾਅਦਾ ਕੀਤਾ ਗਿਆ ਸੀ। ਪਰ 2025 ਦੇ ਬਜਟ ਵਿੱਚ ਇਸ ਮਹੱਤਵਪੂਰਨ ਬੁਨਿਆਦੀ ਢਾਂਚਾ ਪਹਿਲਕਦਮੀ ਲਈ ਕੋਈ ਫੰਡ ਨਹੀਂ ਰੱਖਿਆ ਗਿਆ। ਇਹ ਸਪੱਸ਼ਟ ਘਾਟ ਸਰਕਾਰ ਦੀ ਵੱਡੀਆਂ ਘੋਸ਼ਣਾਵਾਂ ਕਰਨ ਅਤੇ ਫਿਰ ਅਮਲ ਨਾ ਕਰਨ ਦੀ ਆਦਤ ਨੂੰ ਬੇਨਕਾਬ ਕਰਦੀ ਹੈ, ਜਿਸ ਨਾਲ ਮਾਲਵੇ ਦੇ ਕਿਸਾਨ ਖੁਸ਼ਕ ਰਹਿ ਗਏ ਅਤੇ ਭੂਮੀਗਤ ਪਾਣੀ ਦੀ ਕਮੀ ਜਾਰੀ ਹੈ।

**ਵਧਦਾ ਕਰਜ਼ਾ - ਆਪ ਦੀ ਇਕੱਲੀ ਪ੍ਰਾਪਤੀ**

ਇਸ ਬਜਟ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਜਾਬ ’ਤੇ ਕਰਜ਼ੇ ਦਾ ਵਿਸ਼ਾਲ ਬੋਝ ਲਾਉਂਦਾ ਹੈ। ਸਿਰਫ਼ ਤਿੰਨ ਸਾਲਾਂ ਵਿੱਚ, ਆਪ ਸਰਕਾਰ ਨੇ ਰਾਜ ਦੇ ਕਰਜ਼ੇ ਵਿੱਚ ਲਗਭਗ 1 ਲੱਖ ਕਰੋੜ ਰੁਪਏ ਦਾ ਵਾਧਾ ਕਰ ਦਿੱਤਾ ਹੈ, ਜੋ 1992 ਤੋਂ 2022 ਤੱਕ 30 ਸਾਲਾਂ ਵਿੱਚ ਜਮ੍ਹਾ ਹੋਏ 3 ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬਰਾਬਰ ਹੈ। ਇਹ ਬੇਰੋਕ ਉਧਾਰ ਲੈਣ ਦੀ ਦੌੜ, ਜੋ ਆਮਦਨ ਪੈਦਾ ਕਰਨ ਜਾਂ ਆਰਥਿਕ ਦ੍ਰਿਸ਼ਟੀਕੋਣ ਦੀ ਘਾਟ ਨਾਲ ਜੁੜੀ ਹੈ, ਪੰਜਾਬ ਦੇ ਭਵਿੱਖ ਨੂੰ ਅਗਲੀਆਂ ਪੀੜ੍ਹੀਆਂ ਲਈ ਗਹਿਣੇ ਚੜ੍ਹਾਉਣ ਦੀ ਧਮਕੀ ਦਿੰਦੀ ਹੈ।

ਹੋਰ ਨਾਕਾਮੀਆਂ - ਲੋਕ ਵਿਰੋਧੀ ਬਜਟ

ਸਿੱਖਿਆ ਅਤੇ ਸਿਹਤ ਦੀ ਉਪੇਖਸ਼ਾ: ਵੱਡੇ ਦਾਅਵਿਆਂ ਦੇ ਬਾਵਜੂਦ, ਬਜਟ ਵਿੱਚ ਸਕੂਲਾਂ ਅਤੇ ਹਸਪਤਾਲਾਂ ਲਈ ਕੋਈ ਠੋਸ ਵਾਧਾ ਨਹੀਂ ਹੈ, ਜਿਸ ਨਾਲ ਪੰਜਾਬ ਦੇ ਨੌਜਵਾਨ ਅਤੇ ਕਮਜ਼ੋਰ ਵਰਗ ਗੁਣਵੱਤਾ ਸੇਵਾਵਾਂ ਤੋਂ ਵਾਂਝੇ ਰਹਿ ਗਏ ਹਨ। ਨੌਕਰੀਆਂ ਦੇ ਵਾਅਦੇ ਅਧੂਰੇ: ਆਪ ਦਾ ਲੱਖਾਂ ਨੌਕਰੀਆਂ ਪੈਦਾ ਕਰਨ ਦਾ ਵਾਅਦਾ ਇੱਕ ਦੂਰ ਦਾ ਭੁਲੇਖਾ ਬਣਿਆ ਹੋਇਆ ਹੈ, ਜਦਕਿ ਬੇਰੁਜ਼ਗਾਰੀ ਇੱਕ ਨਾ ਠੀਕ ਹੋਣ ਵਾਲਾ ਜ਼ਖ਼ਮ ਬਣੀ ਹੋਈ ਹੈ। ਕਾਨੂੰਨ ਅਤੇ ਵਿਵਸਥਾ ’ਤੇ ਚੁੱਪ: ਵਧਦੇ ਅਪਰਾਧ ਅਤੇ ਨਸ਼ਾ ਤਸਕਰੀ ਦੇ ਵਿਚਕਾਰ, ਬਜਟ ਵਿੱਚ ਪੰਜਾਬ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਉਪਾਅ ਨਹੀਂ ਹਨ, ਜੋ ਨਾਗਰਿਕਾਂ ਦੇ ਭਰੋਸੇ ਨਾਲ ਧੋਖਾ ਹੈ। ਇਹ ਬਜਟ ਹਰ ਉਸ ਪੰਜਾਬੀ ਦੇ ਮੂੰਹ ’ਤੇ ਤਮਾਚਾ ਹੈ ਜਿਸ ਨੇ ਆਪ ਦੇ ਬਦਲਾਅ ਦੇ ਵਾਅਦਿਆਂ ’ਤੇ ਭਰੋਸਾ ਕੀਤਾ ਸੀ। ਇਹ ਇੱਕ ਧੋਖੇ ਦਾ ਦਸਤਾਵੇਜ਼ ਹੈ, ਜਿਸ ਵਿੱਚ ਦ੍ਰਿਸ਼ਟੀਕੋਣ ਦੀ ਘਾਟ ਹੈ ਅਤੇ ਸਰਕਾਰ ਦੀਆਂ ਨਾਕਾਮੀਆਂ ਨੂੰ ਲੋਕਪ੍ਰਿਯ ਨਾਅਰਿਆਂ ਦੇ ਪਿੱਛੇ ਛੁਪਾਉਣ ਲਈ ਤਿਆਰ ਕੀਤਾ ਗਿਆ ਹੈ। ਪੰਜਾਬ ਦੇ ਲੋਕ ਇਸ ਤੋਂ ਬਿਹਤਰ ਦੇ ਹੱਕਦਾਰ ਹਨ, ਨਾ ਕਿ ਅਜਿਹੀ ਲੀਡਰਸ਼ਿਪ ਦੇ, ਜੋ ਡਰਾਮੇਬਾਜ਼ੀ ’ਤੇ ਚੱਲਦੀ ਹੈ ਅਤੇ ਰਾਜ ਨੂੰ ਵਿੱਤੀ ਬਰਬਾਦੀ ਵੱਲ ਧੱਕਦੀ ਹੈ। ਅਸੀਂ ਆਪ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਲੋਕਾਂ ਨੂੰ ਗੁੰਮਰਾਹ ਕਰਨਾ ਬੰਦ ਕਰੇ ਅਤੇ ਤੁਰੰਤ ਸੁਧਾਰਕ ਕਦਮ ਚੁੱਕੇ। ਪੰਜਾਬ ਇੱਕ ਹੋਰ ਸਾਲ ਖੋਖਲੇ ਵਾਅਦਿਆਂ ਅਤੇ ਵਧਦੇ ਕਰਜ਼ੇ ਨੂੰ ਸਹਿਣ ਨਹੀਂ ਕਰ ਸਕਦਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਤ ਭਿੰਡਰਾਂਵਾਲਿਆ ਦੀ ਸਖਸ਼ੀਅਤ ਸੰਬੰਧੀ ਸ੍ਰੀ ਸ਼ਾਹ ਵੱਲੋ ਬੋਲੇ ਅਪਮਾਨਿਤ ਸ਼ਬਦ ਲਈ ਤੁਰੰਤ ਮੁਆਫ਼ੀ ਮੰਗੀ ਜਾਵੇ : ਮਾਨ

**ਨਵੀਂ ਦਿੱਲੀ, 26 ਮਾਰਚ (ਮਨਪ੍ਰੀਤ ਸਿੰਘ ਖਾਲਸਾ):-** “ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖ ਕੌਮ ਦੇ ਹੀ ਨਹੀ ਬਲਕਿ ਸਮੁੱਚੀ ਮਨੁੱਖਤਾ ਦੀ ਸਹੀ ਦਿਸ਼ਾ ਵੱਲ ਅਗਵਾਈ ਕਰਦੇ ਹਨ ਅਤੇ ਸਭਨਾਂ ਇਨਸਾਨੀ ਕਦਰਾਂ ਕੀਮਤਾਂ ਉਤੇ ਪਹਿਰਾ ਦਿੰਦੇ ਹੋਏ ਨਿਮਰਤਾ, ਨਿਰਮਾਨਤਾ ਅਤੇ ਆਪਸੀ ਸਦਭਾਵਨਾ ਭਰੇ ਸੰਬੰਧਾਂ ਰਾਹੀ ਜਿੰਦਗੀ ਬਤੀਤ ਕਰਨ ਦਾ ਅਮਨਮਈ ਸੰਦੇਸ ਦਿੰਦੇ ਹਨ । ਦੂਸਰਾ ਹਰ ਗੁਰਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਉਸਦੀ ਜਿੰਦਗੀ ਮੌਤ ਤੋ ਉਪਰ ਸਤਿਕਾਰਿਤ ਹਨ । ਸ੍ਰੀ ਅਮਿਤ ਸ਼ਾਹ ਵੱਲੋ ਰਾਜ ਸਭਾ ਵਿਚ ਆਪਣੀ



ਸਿਆਸੀ ਹਉਮੈ ਦਾ ਸਿਕਾਰ ਹੋ ਕੇ ਅਤੇ ਮੋਦੀ ਵਰਗੇ ਜਾਬਰ ਹੁਕਮਰਾਨ ਦਾ ਗੁਣਗਾਣ ਕਰਦੇ ਹੋਏ ਜੋ ਸ੍ਰੀ ਸਾਹ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਅਤੇ ਸਿੱਖ ਕੌਮ ਦੇ ਨਾਇਕ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਸੰਬੰਧੀ ਅਪਮਾਨਿਤ ਸ਼ਬਦਾਂ ਦੀ ਵਰਤੋ ਕੀਤੀ ਹੈ ਉਹ ਸਿੱਖ ਕੌਮ ਲਈ ਬਰਦਾਸਤ ਕਰਨ ਯੋਗ ਨਹੀ ਹਨ । ਇਸ ਲਈ ਸ੍ਰੀ ਸਾਹ ਨੂੰ ਜਿੰਨੀ ਜਲਦੀ ਹੋ ਸਕੇ, ਸਿੱਖ ਕੌਮ ਦੇ ਮਨਾਂ ਤੇ ਆਤਮਾਵਾ ਨੂੰ ਪਹੁੰਚੀ ਡੂੰਘੀ ਠੇਸ ਲਈ ਅਤੇ ਸਿੱਖ ਕੌਮ ਵਿਚ ਉੱਠੇ ਵੱਡੇ ਵਿਦਰੋਹੀ ਰੋਹ ਨੂੰ ਸ਼ਾਂਤ ਕਰਨ ਲਈ ਤੁਰੰਤ ਜਨਤਕ ਤੌਰ ਤੇ ਸਿੱਖ ਕੌਮ ਕੋਲੋ ਮੁਆਫ਼ੀ ਮੰਗਣ ਦੇ ਅਮਲ ਹੋਣੇ ਬਣਦੇ ਹਨ ਤਾਂ ਕਿ ਇਸ ਵਰਤਾਰੇ ਨਾਲ ਹੋਣ ਵਾਲੇ ਵੱਡੇ ਨੁਕਸਾਨ ਤੇ ਨਿਕਲਣ ਵਾਲੇ ਭਿਆਨਕ ਨਤੀਜਿਆ ਦੀ ਰੋਕਥਾਮ ਹੋ ਸਕੇ ।” ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਕੁਝ ਦਿਨ ਪਹਿਲੇ ਸ੍ਰੀ ਅਮਿਤ ਸ਼ਾਹ ਵੱਲੋ ਰਾਜ ਸਭਾ ਵਿਚ ਤਕਰੀਰ ਕਰਦੇ ਹੋਏ ਸਮੁੱਚੀ ਦੁਨੀਆ ਤੇ ਮਨੁੱਖਤਾ ਦੀ ਸਹੀ ਦਿਸਾ ਵੱਲ ਅਗਵਾਈ ਕਰਨ ਵਾਲੇ ਅਤੇ ਮਨੁੱਖਤਾ ਨੂੰ ਅਮਲੀ ਰੂਪ ਵਿਚ ਸਕੂਨ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਸੰਬੰਧੀ ਤੰਜ ਦੇ ਰੂਪ ਵਿਚ ਵਰਤੇ ਅਪਮਾਨਿਤ

ਆਵਾਜ਼ਿ ਕੌਮ AWAZE QAUM
International Newspaper & WEB TV

ਸ਼ਬਦਾਂ ਲਈ ਮੋਦੀ ਹਕੂਮਤ ਤੇ ਸ੍ਰੀ ਸ਼ਾਹ ਨੂੰ ਤੁਰੰਤ ਮੁਆਫ਼ੀ ਮੰਗਣ ਦੀ ਨੇਕ ਰਾਏ ਦਿੰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਹੁਕਮਰਾਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗਾਂਧੀ ਗੁਜਰਾਤੀ ਸਨ, ਜੋ ਜਰਮਨ ਤੇ ਦੱਖਣੀ ਅਫਰੀਕਾ ਵਿਚ ਰਹਿੰਦੇ ਹੋਏ ਇਨਸਾਨਾਂ ਤੇ ਬੀਬੀਆ ਨਾਲ ਅਣਮਨੁੱਖੀ ਅਮਲ ਕਰਦਾ ਰਿਹਾ ਹੈ । ਜਦੋਕਿ ਪੰਜਾਬੀਆ ਨੇ ਤਾਂ ਇਸ ਮੁਲਕ ਦੀ ਆਜਾਦੀ ਦੀ ਜੰਗ ਵਿਚ ਅਤੇ ਬਾਅਦ ਵਿਚ ਇਸ ਮੁਲਕ ਨੂੰ ਹਰ ਖੇਤਰ ਵਿਚ ਅੱਗੇ ਲਿਜਾਣ ਵਿਚ ਮੋਹਰੀ ਹੋ ਕੇ ਯੋਗਦਾਨ ਪਾਇਆ ਹੈ । ਉਨ੍ਹਾਂ ਕਿਹਾ ਕਿ ਸ੍ਰੀ ਸਾਹ ਨੇ ਸਿੱਖ ਕੌਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਪਮਾਨਿਤ ਸ਼ਬਦਾਂ ਦੀ ਵਰਤੋ ਕਰਕੇ ‘ਆ ਬੈਲ ਮੈਨੂੰ ਮਾਰ’ ਦੀ ਕਹਾਵਤ ਨੂੰ ਸੱਦਾ ਦੇ ਕੇ ਬਜਰ ਗੁਸਤਾਖੀ ਕੀਤੀ ਹੈ । ਕਿਉਂਕਿ ਸਿੱਖ ਨਾ ਤਾਂ ਆਪਣੇ ਕੌਮੀ ਦੁਸਮਣ ਨੂੰ ਕਦੇ ਭੁੱਲਦੇ ਹਨ ਅਤੇ ਨਾ ਹੀ ਮੁਆਫ਼ ਕਰਦੇ ਹਨ । ਇਸ ਲਈ ਸਮੇ ਦੀ ਨਜਾਕਤ ਸਿਆਸੀ ਹਉਮੈ ਵਿਚ ਗੁਜਰ ਰਹੇ ਮੋਦੀ ਸਾਹ ਵਰਗੇ ਹੁਕਮਰਾਨਾਂ ਨੂੰ ਇਹ ਆਵਾਜ ਦੇ ਰਹੀ ਹੈ ਕਿ ਉਹ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆ ਸੰਬੰਧੀ ਵਰਤੀ ਸਿੱਖ ਮਨਾਂ ਨੂੰ ਠੇਸ ਪਹੁੰਚਾਉਣ ਵਾਲੀ ਸਬਦਾਵਲੀ ਲਈ ਜਿੰਨੀ ਜਲਦੀ ਹੋ ਸਕੇ ਜਨਤਕ ਤੌਰ ਤੇ ਸਿੱਖ ਕੌਮ ਤੋ ਮੁਆਫ਼ੀ ਮੰਗਣ ਦੇ ਅਮਲ ਕਰਨ ਤਾਂ ਬਿਹਤਰ ਹੋਵੇਗਾ।

# ਜੇਨੇਸਿਸ ਅਮਨਦੀਪ ਹਸਪਤਾਲ ਵੱਲੋਂ ਰੋਜ਼ਗਾਰ ਮੇਲੇ ਦਾ ਆਯੋਜਨ

ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਦਫਤਰ ਡਿਪਟੀ ਕਮਿਸ਼ਨਰ ਕੰਪਲੈਕਸ ਵਿੱਚ ਸਥਿਤ ਜ਼ਿਲਾ ਰੋਜ਼ਗਾਰ ਦਫ਼ਤਰ ਵਿਖੇ ਜੇਨੇਸਿਸ ਅਮਨਦੀਪ ਹਸਪਤਾਲ ਵੱਲੋਂ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਫੈਸੀਲਿਟੀ ਡਾਇਰੈਕਟਰ ਡਾ: ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਸ ਮੇਲੇ ਦਾ ਮੁੱਖ ਉਦੇਸ਼ ਸਥਾਨਕ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਵਧੀਆ ਕਰੀਅਰ ਚੋਣਾਂ ਬਾਰੇ ਜਾਣੂ ਕਰਵਾਉਣਾ ਸੀ। ਗੱਲਬਾਤ ਕਰਦਿਆਂ ਜ਼ਿਲਾ ਰੋਜ਼ਗਾਰ ਅਧਿਕਾਰੀ ਗੁਰਜੰਤ ਸਿੰਘ ਨੇ ਦੱਸਿਆ ਕਿ ਇਹ ਮੇਲਾ ਨਾ ਸਿਰਫ਼ ਵੱਖ—ਵੱਖ ਪਦਾਂ ਲਈ ਯੋਗ ਉਮੀਦਵਾਰਾਂ ਦੇ ਚੋਣ ਲਈ ਇੱਕ ਵਧੀਆ ਮੰਚ ਸੀ, ਬਲਕਿ ਇਹ ਡੀ.ਸੀ. ਆਫਿਸ ਕੰਪਲੈਕਸ ਅਤੇ ਆਲੇ—ਦੁਆਲੇ ਦੇ ਇਲਾਕਿਆਂ ਦੇ ਨੌਜਵਾਨਾਂ ਨੂੰ ਜੇਨੇਸਿਸ ਅਮਨਦੀਪ ਹਸਪਤਾਲ ਦੀ ਕੰਮਕਾਜ਼ੀ ਸ਼ੈਲੀ ਅਤੇ ਉਥਲੇ ਮੌਕਿਆਂ ਨਾਲ ਜਾਣੂ ਕਰਵਾਉਣ ਲਈ ਵੀ ਇੱਕ ਮਹੱਤਵਪੂਰਨ ਯਤਨ ਸੀ। ਡਾ: ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ 100 ਤੋਂ ਵੱਧ ਉਮੀਦਵਾਰਾਂ ਨੇ ਹਿੱਸਾ ਲਿਆ ਅਤੇ ਵੱਖ—ਵੱਖ ਪਦਾਂ ਲਈ ਇੰਟਰਵਿਊ ਦਿੱਤਾ। ਜੇਨੇਸਿਸ ਅਮਨਦੀਪ ਹਸਪਤਾਲ ਨੇ ਕਈ ਉਮੀਦਵਾਰਾਂ ਨੂੰ ਨੌਕਰੀ ਦੇ ਆਫਰ ਦਿੱਤੇ, ਜਿਸ ਨਾਲ ਸਥਾਨਕ ਨੌਜਵਾਨਾਂ ਵਿੱਚ ਖ਼ਾਸਾ ਉਤਸ਼ਾਹ ਦੇਖਣ ਨੂੰ ਮਿਲਿਆ। ਡਾ: ਅਭਿਸ਼ੇਕ ਅਰੋੜਾ ਨੇ ਕਿਹਾ ਸਾਡਾ ਮਕਸਦ ਸਿਰਫ਼ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਨਹੀਂ ਬਲਕਿ ਸਮਾਜਿਕ ਉਤਥਾਨ ਵਿੱਚ ਵੀ ਆਪਣਾ ਯੋਗਦਾਨ ਪਾਉਣਾ ਹੈ। ਉਨ੍ਹਾਂ ਨੇ ਆਖਿਆ ਕਿ ਸਥਾਨਕ ਨੌਜਵਾਨਾਂ ਨੂੰ ਆਪਣੇ ਹੀ ਸ਼ਹਿਰ ਵਿੱਚ ਰੋਜ਼ਗਾਰ ਦੇਣਾ ਸਾਡੀ ਤਰਜੀਹ ਹੈ, ਤਾਂ ਜੋ ਉਹ ਆਪਣੇ ਪਰਿਵਾਰ ਦੇ ਕੋਲ ਰਹਿ ਕੇ ਇੱਕ ਠੋਸ ਕਰੀਅਰ ਬਣਾ ਸਕਣ। ਇਹ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਵੀ ਮਦਦਗਾਰ ਹੋਵੇਗਾ। ਰੋਜ਼ਗਾਰ ਮੇਲੇ ਵਿੱਚ ਸ਼ਾਮਲ ਹੋਏ ਨੌਜਵਾਨਾਂ ਨੇ ਜੇਨੇਸਿਸ ਅਮਨਦੀਪ ਹਸਪਤਾਲ ਦੇ ਇਸ ਯਤਨ ਦੀ ਸ਼ਲਾਘਾ ਕੀਤੀ ਅਤੇ ਆਨੰਦ ਪ੍ਰਗਟ ਕੀਤਾ ਕਿ ਉਨ੍ਹਾਂ ਨੂੰ ਆਪਣੇ ਹੀ ਸ਼ਹਿਰ ਵਿੱਚ ਨੌਕਰੀ ਦੇ ਮੌਕੇ ਮਿਲੇ। ਹਸਪਤਾਲ ਨੇ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਐਸੇ ਰੋਜ਼ਗਾਰ ਮੇਲੇ ਲਗਾਤਾਰ ਕਰਵਾਏ ਜਾਣਗੇ, ਤਾਂ ਜੋ ਹੋਰ ਵਧੇਰੇ ਨੌਜਵਾਨਾਂ ਨੂੰ ਵਧੀਆ ਮੌਕੇ ਪ੍ਰਾਪਤ ਹੋ ਸਕਣ।



# ਸ੍ਰੀ ਰਾਮ ਬਾਗ ਬਿਰਧ ਸੇਵਾ ਆਸ਼ਰਮ ਵਿਚ ਲਾਇਆ ਡੈਂਟਲ ਚੈਕਅਪ ਕੈਂਪ


ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਸ਼੍ਰੀ ਰਾਮ ਬਾਗ਼ ਬਿਰਧ ਸੇਵਾ ਆਸ਼ਰਮ ਵਿੱਚ ਡੈਂਟਲ ਚੈਕਅੱਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਕਾਲਜ ਦੇ ਡਾਕਟਰ ਸੁਕੀਰਤ ਕੌਰ ਅਤੇ ਡਾਕਟਰ ਸਮਰ ਕੰਬੋਜ ਨੇ ਬਜ਼ੁਰਗਾਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਯੋਗ ਸਲਾਹ ਦਿੱਤੀ। ਸ਼੍ਰੀ ਰਾਮ ਬਾਗ਼ ਬਿਰਧ ਸੇਵਾ ਆਸ਼ਰਮ ਵਿੱਚ ਇਸ ਮੌਕੇ ਅੱਖਾਂ ਦੀ ਜਾਂਚ ਅਤੇ ਆਮ ਮੈਡੀਕਲ ਚੈਕਅੱਪ ਕੈਂਪ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮਰੀਜ਼ਾਂ ਦੀਆਂ ਅੱਖਾਂ, ਬਲੱਡ ਪ੍ਰੈਸ਼ਰ, ਸ਼ੂਗਰ ਲੈਵਲ ਅਤੇ ਹੋਰ ਸਿਹਤ ਸੰਬੰਧੀ ਸਮੱਸਿਆਵਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਦੀ ਟੀਮ ਨੇ ਸਭ ਮਰੀਜ਼ਾਂ ਦਾ ਡੈਂਟਲ ਚੈਕਅੱਪ ਕੀਤਾ ਅਤੇ ਉਨ੍ਹਾਂ ਨੂੰ ਦੰਦਾਂ ਦੀ ਸੰਭਾਲ ਸੰਬੰਧੀ ਉਪਯੋਗੀ ਜਾਣਕਾਰੀ ਦਿੱਤੀ। ਕੈਂਪ ਦੇ ਸਮਾਪਨ 'ਤੇ ਕਾਲਜ ਦੇ ਪੀ.ਆਰ.ਓ. ਰਣਜੀਤ ਸਿੰਘ ਅਤੇ ਮਨਜੀਤ ਧਾਲੀਵਾਲ ਨੇ ਸਭ ਮਰੀਜ਼ਾਂ ਨੂੰ ਟੂਥਬ੍ਰਸ਼ ਅਤੇ ਟੂਥਪੇਸਟ ਵੰਡੇ ਤਾਂ ਜੋ ਉਹ ਆਪਣੀ ਮੂੰਹ ਦੀ ਸਫ਼ਾਈ ਬਹੁਤਰ ਢੰਗ ਨਾਲ ਕਰ ਸਕਣ।

ਇਸ ਮੌਕੇ ਆਸ਼ਰਮ ਕਮੇਟੀ ਦੇ ਪ੍ਰਧਾਨ ਹਰੀਸ਼ ਗੋਯਲ ਨੇ ਕਿਹਾ ਕਿ ਸ਼੍ਰੀ ਰਾਮ ਬਾਗ਼ ਵ੍ਰਿੱਧ ਸੇਵਾ ਆਸ਼ਰਮ ਵਿੱਚ ਸਮੇਂ—ਸਮੇਂ 'ਤੇ ਸਿਹਤ ਜਾਂਚ ਸ਼ਿਵਰ ਆਯੋਜਿਤ ਕੀਤੇ ਜਾਂਦੇ ਹਨ, ਤਾਂ ਜੋ ਇੱਥੇ ਰਹਿ ਰਹੇ ਬਜ਼ੁਰਗਾਂ ਨੂੰ ਵਧੀਆ ਇਲਾਜ ਦੀ ਸੁਵਿਧਾ ਮਿਲ ਸਕੇ। ਉਨ੍ਹਾਂ ਕਿਹਾ ਕਿ ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਦੀ ਟੀਮ ਵਲੋਂ ਦਿੱਤੀ ਗਈ ਸੇਵਾ ਸ਼ਲਾਘਾਯੋਗ ਹੈ। ਇਹ ਤਰ੍ਹਾਂ ਦੇ ਕੈਂਪ ਬਜ਼ੁਰਗਾਂ ਦੀ ਸਿਹਤ ਦੀ ਦੇਖਭਾਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕੈਂਪ ਵਿੱਚ ਸਹਿਯੋਗ ਦੇਣ ਵਾਲੇ ਸਭ ਡਾਕਟਰਾਂ ਅਤੇ ਮੈਡੀਕਲ ਕਰਮਚਾਰੀਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਜਿਕ ਕਾਰਜ ਕਰਦੇ ਰਹਿਣ ਦੀ ਉਮੀਦ ਜਤਾਈ।



# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਕਰਵਾਈ ਵਿਸ਼ੇਸ਼ ਅਸੈਂਬਲੀ

ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਨਵੇਂ ਸੈਸ਼ਨ ਦਾ ਆਗਾਜ਼ ਕਰਦੇ ਹੋਏ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਵਾਗਤ ਲਈ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਇਹ ਸਮਾਰੋਹ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਸਕੂਲ ਵਿੱਚ ਨਵਾਂ ਸੈਸ਼ਨ 25.03.2025 ਨੂੰ ਸ਼ੁਰੂ ਹੋ ਗਿਆ ਹੈ ਅਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਦੇ ਮੌਕੇ ਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਸਵਾਗਤ ਲਈ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਅਧਿਆਪਕਾਂ ਨੇ ਸਵੇਰ ਦੀ ਪ੍ਰਾਰਥਨਾ ਅਤੇ ਦਿਨ ਦੇ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਸਾਰਿਆਂ ਨੂੰ ਨਵੇਂ ਸੈਸ਼ਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਦੇ ਪਹਿਲੇ ਦਿਨ ਨੂੰ ਯਾਦਗਾਰੀ ਬਣਾਉਣ ਲਈ ਅਧਿਆਪਕਾਂ ਦੁਆਰਾ ਵਿਸ਼ੇਸ਼ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਖੇਡ—ਖੇਡ ਦੇ ਢੰਗ ਨਾਲ ਪੜ੍ਹਾਉਣਾ ਅਤੇ ਵੱਖ—ਵੱਖ ਵਿਸ਼ਿਆਂ ਵਿੱਚ ਦਿਲਚਸਪੀ ਪੈਦਾ ਕਰਨਾ ਸੀ। ਇਸ ਤੋਂ ਇਲਾਵਾ ਖੇਡਾਂ, ਸੰਗੀਤ ਸਿੱਖਣ ਵਰਗੀਆਂ ਗਤੀਵਿਧੀਆਂ ਵੀ ਸ਼ਾਮਲ ਸਨ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਸੈਸ਼ਨ ਦੀ ਸ਼ੁਰੂਆਤ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਤੇ ਧਿਆਨ ਕੇਂਦਰਿਤ ਕਰਨ, ਵਧੀਆ ਪ੍ਰਦਰਸ਼ਨ ਕਰਨ, ਆਪਣੇ ਸਾਰੇ ਕੰਮ ਸਮੇਂ ਸਿਰ ਪੂਰੇ ਕਰਨ ਅਤੇ ਪ੍ਰੀਖਿਆ ਵਿੱਚ ਚੰਗੇ ਨਤੀਜੇ ਪ੍ਰਾਪਤ ਕਰਨ ਲਈ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਅੱਗੇ ਵਧਦੇ ਰਹਿਣ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਨੂੰ ਪ੍ਰੀਖਿਆਵਾਂ ਵਿੱਚ ਚੰਗੇ ਨਤੀਜੇ ਅਤੇ ਜ਼ਿੰਦਗੀ ਵਿੱਚ ਸਫ਼ਲਤਾ ਦੀ ਕਾਮਨਾ ਕੀਤੀ।




# ਪ੍ਰਾਈਵੇਟ ਸਕੂਲਾਂ ਵਿਰੁੱਧ ਲਾਮਬੰਦ ਹੋਈ ਜਾਗੋ ਪੇਰੈਂਟਸ ਜਾਗੋ ਵੈਲਫੇਅਰ ਸੁਸਾਇਟੀ

ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਪ੍ਰਾਈਵੇਟ ਸਕੂਲਾਂ ਵਿਚ ਵੱਖ—ਵੱਖ ਸਲੇਬਸ ਅਨੁਸਾਰ ਵੱਖ—ਵੱਖ ਪੁਸਤਕਾਂ ਵੱਖ—ਵੱਖ ਲਿਖਾਰੀ ਵੱਲੋਂ ਛਾਪ ਕੇ ਇਕ ਹੀ ਥਾਂ ਤੋਂ ਕਿਤਾਬਾਂ ਦੇ ਮਿਲਣ ਸਬੰਧੀ ਠੋਸ ਨਿਯਮ ਅਨੁਸਾਰ ਕਾਰਵਾਈ ਦੀ ਮੰਗ ਕਰਦਿਆਂ ਜਾਗੋ ਪੇਰੈਂਟਸ ਜਾਗੋ ਵੈਲਫੇਅਰ ਸੁਸਾਇਟੀ ਫ਼ਿਰੋਜ਼ਪੁਰ ਨੇ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੂੰ ਦਿੱਤਾ ਮੰਗ ਪੱਤਰ। ਇਸ ਸਬੰਧੀ ਗੱਲਬਾਤ ਕਰਦਿਆਂ ਅਸ਼ਵਨੀ ਸ਼ਰਮਾ, ਪ੍ਰਦੀਪ ਰਾਣਾ, ਪ੍ਰੇਮ ਕੁਮਾਰ ਸ਼ਰਮਾ, ਰਜਿੰਦਰ ਕੁਮਾਰ, ਜੇ.ਐਸ ਸੋਢੀ ਐਡਵੋਕੇਟ ਨੇ ਦੱਸਿਆ ਕਿ ਪ੍ਰਾਈਵੇਟ ਸਕੂਲਾਂ ਵੱਲੋਂ ਹਰ ਸਾਲ ਨਵੀਆਂ ਕਿਤਾਬਾਂ ਲਗਾ ਕੇ ਸਿੱਖਿਆ ਨੂੰ ਬਹੁਤ ਮਹਿੰਗਾ ਕੀਤਾ ਜਾ ਰਿਹਾ ਹੈ, ਜਿਸ ਨਾਲ ਜਿਥੇ ਮਾਪਿਆਂ ਦੀ ਜੇਬ ਪਰ ਭਾਰ ਪੈਂਦਾ ਹੈ, ਉਥੇ ਅਨੇਕਾਂ ਕਿਤਾਬਾਂ ਰੱਦੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਉਨ੍ਹਾਂ ਕਿਹਾ ਕਿ ਚੰਗੇਰੀ ਸਿੱਖਿਆ ਨੂੰ ਮੁੱਖ ਰੱਖਕੇ ਕਲਾਸਾਂ ਦੇ ਸਲੇਬਸ ਤੋਂ ਦੂਰ ਆਪਣੀ ਮਨ—ਮਰਜ਼ੀ ਨਾਲ ਆਪਣੇ ਲਾਭ ਹਿੱਤ ਤੇ ਕਿਤਾਬ ਵੇਚਣ ਵਾਲਿਆਂ ਵੱਲੋਂ ਬੱਚਿਆਂ ਦੀ ਪੜਾਈ ਨੂੰ ਬੋਝ ਬਣਾਇਆ ਜਾਂਦਾ ਹੈ ਅਤੇ ਆਪਣੀ ਮਨਮਰਜ਼ੀ ਅਨੁਸਾਰ ਸਕੂਲ ਦੀਆਂ ਫੀਸਾਂ ਤਹਿ ਕਰਕੇ ਸਿੱਖਿਆ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਾਗੋ ਪੇਰੈਂਟਸ ਜਾਗੋ ਵੈਲਫੇਅਰ ਸੁਸਾਇਟੀ ਪੁਰਜ਼ੋਰ ਅਪੀਲ ਕਰਦੀ ਹੈ ਕਿ ਪੰਜਾਬ ਸਰਕਾਰ ਮਾਪਿਆਂ ਅਤੇ ਬੱਚਿਆਂ ਉਪਰ ਬਿਨਾਂ ਸਲੇਬਸ ਅਤੇ ਸਰਕਾਰ ਵੱਲੋਂ ਨਿਰਧਾਰਿਤ ਫੀਸਾਂ ਹੀ ਵਸੂਲਣ ਦੇ ਹੁਕਮ ਕੀਤੇ ਜਾਣ ਤਾਂ ਜ਼ੋ ਹਰ ਮਾਪੇ ਆਪਣੇ ਬੱਚਿਆਂ ਨੂੰ ਸਿੱਖਿਆ ਦਵਾ ਸਕਣ।



# ਬੀਬੀ ਕਿਰਨਜੋਤ ਕੌਰ ਜੀ ਇਸਦਾ ਫੈਸਲਾ ਵਕਤ ਕਰੇਗਾ ਕਿ ਕਿੰਨੇ ਮੈਂਬਰ ਪੰਥ ਦੀ ਚੜਦੀ ਕਲਾ ਲਈ ਖੜ੍ਹਦੇ ਹਨ ਤੇ ਕਿੰਨੇ ਪੰਥ ਵਿਰੋਧੀ ਤਾਕਤਾਂ ਦੇ ਨਾਲ ਖੜਨਗੇ: ਸਰਨਾ



ਨਵੀਂ ਦਿੱਲੀ 26 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਕਿਹਾ ਕਿ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਪੰਥ ਦੀ ਉਹ ਹਸਤੀ ਹਨ । ਜਿੰਨਾ ਸਾਰੀ ਉਮਰ ਸਿੱਖ ਕੌਮ ਦੀ ਨਿਰਸਵਾਰਥ ਸੇਵਾ ਕੀਤੀ । ਉਹ ਸ਼੍ਰੋਮਣੀ ਅਕਾਲੀ ਦਲ ਦੇ ਲੰਮਾ ਸਮਾਂ ਪ੍ਰਧਾਨ ਵੀ ਰਹੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਰਹੇ । ਉਹਨਾਂ ਦੇ ਪੰਥ ਪ੍ਰਤੀ ਯੋਗਦਾਨ ਦਾ ਕੋਈ ਦੇਣ ਨਹੀਂ ਦੇ ਸਕਦਾ । ਪਰ ਆਪਣੇ ਆਪ ਨੂੰ ਮਾਸਟਰ ਤਾਰਾ ਸਿੰਘ ਦੀ ਵਾਰਸ ਕਹਾਉਣ ਵਾਲੀ ਉਹਨਾਂ ਦੀ ਦੋਹਤੀ ਬੀਬੀ ਕਿਰਨਜੋਤ ਕੌਰ ਨੇ ਜੋ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਬਾਰੇ ਸਵਾਲ ਕਰਦਿਆਂ ਚਾਲੀ ਮੈਂਬਰਾਂ ਦੀ ਹਿਮਾਇਤ ਆਪਣੇ ਨਾਲ ਹੋਣ ਦਾ ਦਾਅਵਾ ਕੀਤਾ ਹੈ । ਮੈਂ ਬੀਬੀ ਜੀ ਨੂੰ ਚੇਤੇ ਕਰਵਾਉਣਾ ਚਾਹੁੰਦਾ ਹਾਂ ਕਿ ਜਿਸ ਵਿਧੀ ਰਾਹੀਂ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਪਿਛਲੀ ਇਕ ਸਦੀ ਤੋਂ ਹੁੰਦੀ ਆ ਰਹੀ ਹੈ । ਉਹ ਮਾਸਟਰ ਤਾਰਾ ਸਿੰਘ ਜੀ ਤੇ ਉਹਨਾਂ ਵਰਗੇ ਹੀ ਹੋਰ ਸੁਹਿਰਦ ਸਿੱਖ ਆਗੂਆਂ ਦੀ ਦੇਣ ਹੈ । ਇਸ ਲਈ ਆਪਣੇ ਆਪ ਨੂੰ ਮਾਸਟਰ ਜੀ ਦੇ ਵਾਰਸ ਕਹਾਉਣ ਵਾਲਿਆਂ ਨੂੰ ਇਹੋ ਜਿਹੀ ਗੱਲ ਨਹੀ ਕਰਨੀ ਚਾਹੀਦੀ । ਉਹ ਵੀ ਉਸ ਇਨਸਾਨ ਲਈ ਜਿਹੜਾ ਕਿਸੇ ਵੀ ਰੂਪ ਵਿੱਚ ਸਿੰਘ ਸਾਹਿਬਾਨ ਦੇ ਸਤਿਕਾਰਤ ਰੁਤਬੇ ਦੇ ਬਿਲਕੁਲ ਯੋਗ ਨਹੀਂ । ਬੀਬੀ ਜੀ ਨੂੰ ਮੈਂ ਇਹ ਵੀ ਯਾਦ ਦਵਾਉਣਾ ਚਾਹੁੰਦਾ ਹਾਂ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਵੱਖੋ ਵੱਖਰੇ ਸਮਿਆਂ ਤੇ ਮਾਸਟਰ ਜੀ ਦੀ ਯਾਦ ਵਿੱਚ ਸਮਾਗਮ ਕਰਵਾਉਣ ਦਾ ਸੁਭਾਗ ਹਾਸਲ ਕੀਤਾ ਤੇ ਦੋਵੇਂ ਵਾਰ ਬੀਬੀ ਜੀ ਨੇ ਆਪਣੇ ਨਾਨੇ ਦੀ ਯਾਦ ਵਿੱਚ ਆਉਣਾ ਮੁਨਾਸਿਬ ਨਹੀਂ ਸਮਝਿਆ । ਇਹਨਾਂ ਵਿੱਚੋਂ ਇੱਕ ਮੌਕਾ ਉਹ ਸੀ ਜਦੋਂ ਦਿੱਲੀ ਵਿੱਚ ਮਾਸਟਰ ਜੀ ਦਾ ਬੁੱਤ ਸਾਡੇ ਯਤਨਾਂ ਨੇ ਸ੍ਰੀ ਮਦਨ ਲਾਲ ਖੁਰਾਣਾ ਵੱਲੋਂ ਲਗਵਾਇਆ ਗਿਆ ਸੀ । ਇਸ ਲਈ ਜਿਹੜੀ ਬੀਬੀ ਆਪਣੇ ਨਾਨੇ ਦੀ ਨਾ ਹੋ ਸਕੀ ਉਹ ਕਿਸੇ ਹੋਰ ਦੀ ਕਿਵੇਂ ਹੋਵੇਗੀ ? ਮੈਨੂੰ ਬੀਬੀ ਕਿਰਨਜੋਤ ਕੌਰ ਦੇ ਸਤਿਕਾਰਯੋਗ ਮਾਤਾ ਜੀ ਨਾਲ ਵੀ ਕੰਮ ਕਰਨ ਦਾ ਮੌਕਾ ਮਿਲਿਆ ਹੈ ਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਬੀਬੀ ਜੀ ਨਾ ਆਪਣੇ ਨਾਨਾ ਜੀ ਦੇ ਕਦਮਾਂ ਤੇ ਚੱਲੇ ਹਨ ਤੇ ਨਾ ਆਪਣੀ ਮਾਤਾ ਜੀ ਦੇ ਇਸ ਲਈ ਬੀਬੀ ਜੀ ਨੂੰ ਆਪਣੀ ਸਿਆਸਤ ਕਰਨ ਦਾ ਹੱਕ ਹੈ ਪਰ ਆਪਣੇ ਆਪ ਨੂੰ ਆਪਣੇ ਨਾਨਾ ਜੀ ਦੀ ਵਾਰਸ ਕਹਾਉਣ ਦਾ ਕੋਈ ਹੱਕ ਨਹੀਂ । ਬੀਬੀ ਜੀ ਇਹ ਗੱਲਾਂ ਬਹੁਤ ਲੰਮੇਂ ਸਮੇਂ ਤੋਂ ਮੈਂ ਸਾਂਝੀਆਂ ਕਰਨਾ ਚਾਹੁੰਦਾ ਸੋ ਜੋ ਅੱਜ ਤੁਹਾਡੇ ਬਿਆਨ ਦੇ ਸਬੱਬ ਨਾਲ ਕਰ ਰਿਹਾ ਹਾਂ ਤੇ ਜਿਹੜਾ ਤੁਸੀ ਦਾਅਵਾ ਚਾਲੀ ਮੈਂਬਰਾਂ ਦਾ ਕੀਤਾ ਹੈ । ਇਸਦਾ ਫੈਸਲਾ ਵਕਤ ਕਰ ਦੇਵੇਗਾ ਕਿ ਕਿੰਨੇ ਮੈਂਬਰ ਪੰਥ ਦੀ ਚੜਦੀ ਕਲਾ ਲਈ ਖੜ੍ਹਦੇ ਹਨ ਤੇ ਕਿੰਨੇ ਪੰਥ ਵਿਰੋਧੀ ਤਾਕਤਾਂ ਦੇ ਨਾਲ ਖੜਨਗੇ । ਪਰ ਇੱਕ ਗੱਲ ਪੱਕੀ ਹੈ ਕਿ ਜਿੱਤ ਗੁਰੂ ਸਾਹਿਬ ਦੀ ਕਿਰਪਾ ਨਾਲ ਸੱਚ ਹੀ ਹੋਵੇਗੀ ।

# ਅਮਰੀਕੀ ਧਾਰਮਿਕ ਆਜ਼ਾਦੀ ਪੈਨਲ ਨੇ ਭਾਰਤ ਦੀ ਜਾਸੂਸੀ ਏਜੰਸੀ ਰਾਅ 'ਤੇ ਪਾਬੰਦੀਆਂ ਲਗਾਉਣ ਦੀ ਮੰਗ ਕੀਤੀ

ਨਵੀਂ ਦਿੱਲੀ 26 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਧਾਰਮਿਕ ਆਜ਼ਾਦੀ ਬਾਰੇ ਇੱਕ ਅਮਰੀਕੀ ਪੈਨਲ ਨੇ ਮੰਗਲਵਾਰ ਨੂੰ ਕਿਹਾ ਕਿ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਵਿਵਹਾਰ ਵਿਗੜ ਰਿਹਾ ਹੈ ਅਤੇ ਇਸ ਨੇ ਸਿੱਖ ਵੱਖਵਾਦੀਆਂ ਦੇ ਕਤਲ ਦੀਆਂ ਸਾਜ਼ਿਸ਼ਾਂ ਵਿੱਚ ਕਥਿਤ ਸ਼ਮੂਲੀਅਤ ਲਈ ਭਾਰਤ ਦੀ ਬਾਹਰੀ ਜਾਸੂਸੀ ਏਜੰਸੀ ਰਾਅ 'ਤੇ ਪਾਬੰਦੀਆਂ ਲਗਾਉਣ ਦੀ ਸਿਫਾਰਸ਼ ਕੀਤੀ ਹੈ। ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਇਹ ਵੀ ਕਿਹਾ ਹੈ ਕਿ ਕਮਿਊਨਿਸਟ- ਸ਼ਾਸਿਤ ਵੀਅਤਨਾਮ ਨੇ ਧਾਰਮਿਕ ਮਾਮਲਿਆਂ ਨੂੰ ਨਿਯਮਤ ਅਤੇ ਨਿਯੰਤਰਣ ਕਰਨ ਲਈ ਯਤਨ ਤੇਜ਼ ਕਰ ਦਿੱਤੇ ਹਨ। ਇਸ ਨੇ ਵੀਅਤਨਾਮ ਨੂੰ "ਖਾਸ ਚਿੰਤਾ ਦਾ ਦੇਸ਼" ਨਾਮਜ਼ਦ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਮੰਗਲਵਾਰ ਨੂੰ ਜਾਰੀ ਕੀਤੀ ਰਿਪੋਰਟ ਵਿੱਚ ਕਿਹਾ, 2024 ਵਿੱਚ, ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ ਵਿਗੜਦੀ ਰਹੀ ਕਿਉਂਕਿ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਹਮਲੇ ਅਤੇ ਵਿਤਕਰਾ ਵਧਦਾ ਰਿਹਾ। ਇਸ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਵਾਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਪਿਛਲੇ ਸਾਲ ਦੇ ਚੋਣ ਪ੍ਰਚਾਰ ਦੌਰਾਨ "ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਭਰੀ ਬਿਆਨਬਾਜ਼ੀ ਅਤੇ ਗਲਤ ਜਾਣਕਾਰੀ ਦਾ ਪ੍ਰਚਾਰ ਕੀਤਾ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇੱਕ ਬਿਆਨ ਵਿੱਚ ਕਿਹਾ, ਯੂਐਸਸੀਆਈਆਰਐਫ ਵੱਲੋਂ ਇਕੱਲੀਆਂ ਘਟਨਾਵਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਅਤੇ ਭਾਰਤ ਦੇ ਜੀਵੰਤ ਬਹੁ-ਸੱਭਿਆਚਾਰਕ ਸਮਾਜ 'ਤੇ ਦਾਅਵਿਆਂ ਨੂੰ ਲਾਗੂ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਧਾਰਮਿਕ ਆਜ਼ਾਦੀ ਲਈ ਅਸਲ ਚਿੰਤਾ ਦੀ ਬਜਾਏ ਇੱਕ ਜਾਣਬੁੱਝ ਕੇ ਕੀਤੇ ਗਏ ਏਜੰਡੇ ਨੂੰ ਦਰਸਾਉਂਦੀਆਂ ਹਨ।

# ਮਾਤਾ ਸੰਤੋਸ਼ ਰਾਣੀ ਦੇ ਅਚਾਨਕ ਅਕਾਲ ਚਲਾਣੇ ਤੇ ਕੱਕੜ ਪਰਿਵਾਰ ਨਾਲ ਕੀਤਾ ਦੁੱਖ ਦਾ ਇਜ਼ਹਾਰ

ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਸੱਤਰ ਦੇ ਦਹਾਕੇ ਦੌਰਾਨ ਬੱਚਿਆਂ ਨੂੰ ਉਚੇਰੀ ਤਾਮੀਲ ਦਿਵਾਉਣ ਦੇ ਨਾਲ—ਨਾਲ ਸਮੇਂ ਦੇ ਹਾਣੀ ਬਣਾਉਂਦੇ ਹੋਏ ਸਮਾਜ ਸੇਵੀ ਕਾਰਜਾਂ ਵੱਲ ਪ੍ਰੇਰਿਤ ਕਰਨ ਵਾਲੀ ਮਾਤਾ ਸ੍ਰੀਮਤੀ ਸੰਤੋਸ਼ ਰਾਣੀ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਤੇ ਖੱਤਰੀ ਮਹਾਂ ਸਭਾ ਪੰਜਾਬ ਅਤੇ ਖੱਤਰੀ ਵੈਲਫੇਅਰ ਸਭਾ ਫ਼ਿਰੋਜ਼ਪੁਰ ਨੇ ਕੱਕੜ ਪਰਿਵਾਰ ਨਾਲ ਪ੍ਰਗਟਾਇਆ ਦੁੱਖ। ਖੱਤਰੀ ਵੈਲਫੇਅਰ ਸਭਾ ਦੇ ਪ੍ਰਧਾਨ ਸ੍ਰੀ ਲਵਕੇਸ਼ ਕੱਕੜ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਖੱਤਰੀ ਮਹਾਂ ਸਭਾ ਪੰਜਾਬ ਦੇ ਪ੍ਰਧਾਨ ਐਡਵੋਕੇਟ ਵਿਜੈ ਧਿਰ ਅਤੇ ਜਨਰਲ ਸਕੱਤਰ ਸ੍ਰੀ ਪਵਨ ਭੰਡਾਰੀ ਨੇ ਕਿਹਾ ਕਿ ਮਾਤਾ ਸ੍ਰੀਮਤੀ ਸੰਤੋਸ਼ ਰਾਣੀ ਬਹੁਤ ਮਿਲਾਪੜ ਸੁਭਾਅ ਦੇ ਮਾਲਕ ਸਨ ਅਤੇ ਜਦੋਂ ਵੀ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ ਮਾਤਾ ਜੀ ਨੇ ਅਸ਼ੀਰਵਾਦ ਦੇਣ ਦੇ ਨਾਲ—ਨਾਲ ਹਮੇਸ਼ਾ ਹੀ ਚੰਗੇ ਸੰਸਕਾਰ ਬਿਖੇਰਣ ਦੀ ਸਿਖਿਆ ਦਿੱਤੀ। ਆਗੂਆਂ ਨੇ ਕਿਹਾ ਕਿ ਮਾਤਾ ਜੀ ਦੇ ਜਾਣ ਨਾਲ ਕੱਕੜ ਪਰਿਵਾਰ ਨੂੰ ਹੀ ਨਹੀਂ ਬਲਕਿ ਖੱਤਰੀ ਬਰਾਦਰੀ ਨੂੰ ਵੀ ਘਾਟਾ ਪਿਆ ਹੈ, ਜ਼ੋ ਕਦੇ ਵੀ ਪੂਰਾ ਨਹੀਂ ਹੋਵੇਗਾ। ਇਸ ਮੌਕੇ ਕੱਕੜ ਪਰਿਵਾਰ ਨਾਲ ਖੱਤਰੀ ਕ੍ਰਿਸ਼ਨ ਟੰਡਨ ਹਾਈ ਕਮਾਂਡ, ਖੱਤਰੀ ਤਰਸੇਮ ਬੇਦੀ ਵਾਈਸ ਚੇਅਰਮੈਨ, ਖੱਤਰੀ ਕੁਲਦੀਪ ਮੈਨੀ ਸੀਨੀਅਰ ਮੀਤ ਪ੍ਰਧਾਨ, ਖੱਤਰੀ ਪਰਦੀਪ ਬਿੰਦਰਾ ਸੀਨੀਅਰ ਮੀਤ ਪ੍ਰਧਾਨ, ਖੱਤਰੀ ਸੁਭਾਸ਼ ਚੌਧਰੀ ਚੀਫ ਪੈਟਰਨ, ਖੱਤਰੀ ਦਵਿੰਦਰ ਧਵਨ ਮੀਤ ਪ੍ਰਧਾਨ, ਖੱਤਰੀ ਸੁਰਿੰਦਰ ਬੇਰੀ ਜਨਰਲ ਸਕੱਤਰ, ਡਾ: ਸੁਰਿੰਦਰ ਕਪੂਰ ਸੱਤਰ, ਖੱਤਰੀ ਰਾਜ ਕੁਮਾਰ ਦੁੱਗਲ ਕੈਸ਼ੀਅਰ, ਖੱਤਰੀ ਸਤੀਸ਼ ਪੁਰੀ ਜੁਆਇੰਟ ਕੈਸ਼ੀਅਰ, ਖੱਤਰੀ ਅੰਕੁਸ਼ ਭੰਡਾਰੀ ਪ੍ਰਧਾਨ ਯੂਥ ਵਿੰਗ ਪੰਜਾਬ, ਖੱਤਰੀ ਗੌਰਵ ਬਹਿਲ ਚੀਫ ਸਪੋਕਸਪਰਸਨ, ਖੱਤਰੀ ਸ਼ਿਵੰਦਰ ਮਲਹੋਤਰਾ ਆਫਿਸ ਇੰਚਾਰਜ, ਖੱਤਰੀ ਵਿਨੋਦ ਧਵਨ ਪ੍ਰੈਸ ਸਕੱਤਰ, ਖੱਤਰੀ ਸੁਖਜੀਤ ਸਿੰਘ ਪੈਟਰਨ, ਖੱਤਰੀ ਪਰਵੀਨ ਤਲਵਾਰ ਪੈਟਰਨ, ਖੱਤਰੀ ਮੁਨੀਸ਼, ਖੱਤਰੀ ਹੀਰਾ ਪੁੱਗਲ ਸਰਪੰਚ ਸੂਬਾ, ਖੱਤਰੀ ਨਿਤੇਸ਼ ਮਲਹੋਤਰਾ, ਖੱਤਰੀ ਅਮਿਤ ਵਧਾਵਨ, ਖੱਤਰੀ ਨਵਨੀ ਪੁਰੀ ਵਕੀਲ ਵੱਲੋਂ ਦੁੱਖ ਸਾਂਝਾ ਕਰਦਿਆਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਗੱਲਬਾਤ ਕਰਦਿਆਂ ਲਵਕੇਸ਼ ਕੱਕੜ ਨੇ ਦੱਸਿਆ ਕਿ ਮਾਤਾ ਜੀ ਦੀ ਅੰਤਿਮ ਅਰਦਾਸ ਲਈ ਮਿਤੀ 29 ਮਾਰਚ ਦਿਨ ਸ਼ਨੀਵਾਰ ਨੂੰ ਪਰਮਾਰਥ ਭਵਨ ਫ਼ਿਰੋਜ਼ਪੁਰ ਸ਼ਹਿਰ ਵਿਖੇ ਪਾਇਆ ਜਾਵੇਗਾ, ਜਿਥੇ ਸਾਕ ਸਬੰਧੀ, ਸਮਾਜ ਸੇਵੀਆਂ ਵੱਲੋਂ ਮਾਤਾ ਜੀ ਨੂੰ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਜਾਣਗੀਆਂ।

### ਗੁਰੂ ਦੁਆਰਾ ਬਾਬੇ ਕੀ ਬੇਰ ਸਿਆਲਕੋਟ ਨਵੰਬਰ ਵਿੱਚ

# ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਖੋਲਣ ਦੀ ਉਮੀਦ - ਜਗਜੀਤ ਸਿੰਘ ਭੁੱਲਰ



ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਆਖਿਆ ਕਿ ਪਿਛਲੇ ਦਿਨੀ ਰਮੇਸ਼ ਸਿੰਘ ਅਰੋੜਾ ਜੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਰਾਂ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਸੀਗਾ ਕਿ ਅਸੀਂ ਤਕਰੀਬਨ 40 ਤੋਂ 46 ਗੁਰਦੁਆਰਾ ਸਾਹਿਬ ਜਿਹੜੇ ਨੇ ਪਾਕਿਸਤਾਨ ਦੇ ਵਿੱਚ ਉਹਨਾਂ ਨੂੰ ਦੁਬਾਰਾ ਸੀ ਬਹਾਲ ਕਰ ਰਹੇ ਹਾਂ ਉਹਨਾਂ ਦੀ ਸੇਵਾ ਕਰ ਰਹੇ ਹਾਂ ਉਹਨਾਂ ਨੂੰ ਰੈਨਵੇਟ ਕਰ ਰਹੇ । ਉਸ ਦਿਸ਼ਾ ਵਿੱਚ ਕਦਮ ਰੱਖਦੇ ਹੋਏ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਅੱਜ ਉਹਨਾਂ ਦੀ ਗੱਲਬਾਤ ਰਮੇਸ਼ ਸਿੰਘ ਅਰੋੜਾ ਪ੍ਰਧਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਹੇਸ਼ ਸਿੰਘ ਮੀਤ ਪ੍ਰਧਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਹੋਈ ਰਮੇਸ਼ ਸਿੰਘ ਅਰੋੜਾ ਜੀ ਨੇ ਕਿਹਾ ਕਿ ਅਸੀਂ ਵਚਨ ਬੰਦ ਹਾਂ ਅਸੀਂ ਜਿੰਨੇ ਵੀ ਗੁਰਦੁਆਰਾ ਸਾਹਿਬ ਖੋਲਾਂਗੇ ਸਾਰਿਆਂ ਦੇ ਦਰਸ਼ਨ ਤਾਂ ਨਹੀਂ ਹੋ ਸਕਦੇ ਪਰ ਉਹਨਾਂ ਦੀ ਸੇਵਾ ਸੰਭਾਲ ਜਰੂਰ ਹੋਵੇਗੀ। ਜਗਜੀਤ ਸਿੰਘ ਭੁੱਲਰ ਨੇ ਉਹਨਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਕਰਤਾਰਪੁਰ ਸਾਹਿਬ ਦੋ ਦਿਨ ਤੁਸੀਂ ਰੱਖਦੇ ਹੋ ਕਰਤਾਰਪੁਰ ਸਾਹਿਬ ਤੁਸੀਂ ਨਵੰਬਰ ਵਿੱਚ ਗੁਰਦੁਆਰਾ ਬਾਬੇ ਕੀ ਬੇਅਦਬੀ ਸ਼ੁਰੂ ਕਰੋ ਸੰਗਤਾਂ ਉਥੋਂ ਜਿਵੇਂ ਗੁਰਦੁਆਰਾ ਰੋੜੀ ਸਾਹਿਬ ਵਾਸਤੇ ਜਾਂਦੀਆਂ ਨੇ ਤੇ ਸਿੱਧਾ ਲਾਹੌਰ ਆ ਜਾਂਦੀਆਂ ਨੇ ਉਸੇ ਤਰ੍ਹਾਂ ਤੁਸੀਂ ਜਿਦ ਤੁਸੀਂ ਪੰਜਾ ਸਾਹਿਬ ਤੋਂ ਜਾਂ ਨਨਕਾਣਾ ਸਾਹਿਬ ਤੋਂ ਸੰਗਤਾਂ ਨੂੰ ਕਰਤਾਰਪੁਰ ਲੈ ਕੇ ਆਓ ਤੇ ਗੁਰਦੁਆਰਾ ਬਾਬੇ ਕੀ ਬੇਰ ਦੀ ਦਰਸ਼ਨ ਕਰਵਾ ਕੇ ਰਾਤ ਨੂੰ ਇੱਥੇ ਸਟੇ ਕਰਾਓ ਅਗਲੇ ਦਿਨ ਉਤੇ ਸਟੇ ਕਰਨ ਉਸ ਤੋਂ ਅਗਲੇ ਦਿਨ ਸੰਗਤਾਂ ਰੋੜੀ ਸਾਹਿਬ ਗੁਰਦੁਆਰਾ ਦੇਖ ਕੇ ਤੇ ਲਾਹੌਰ ਵਿੱਚ ਆ ਜਾਣ। ਮਹੇਸ਼ ਸਿੰਘ ਅਰੋੜਾ ਨੇ ਇਹ ਦੱਸਿਆ ਕਿ ਉਥੋਂ ਦਾ ਕੋਈ ਨੈਟਵਰਕ ਜਿਵੇਂ ਸੜਕਾਂ ਦਾ ਜਾਂ ਹੋਰ ਕੋਈ ਪ੍ਰੋਜੈਕਟ ਚੱਲ ਰਹੇ ਨੇ ਉਹ ਜਦੋਂ ਤੱਕ ਕੰਪਲੀਟ ਹੋ ਜਾਣਗੇ ਅਸੀਂ ਕੋਸ਼ਿਸ਼ ਕਰਾਂਗੇ ਕਿ ਨਵੰਬਰ ਵਿੱਚ ਇਹ ਗੁਰਦੁਆਰਾ ਸਾਹਿਬ ਸੰਗਤਾਂ ਨੂੰ ਦਰਸ਼ਨ ਵਾਸਤੇ ਅਸੀਂ ਸੁਸ਼ੋਭਿਤ ਕਰ ਦਈਏ। ਅਸੀਂ ਬਹੁਤ ਧੰਨਵਾਦੀ ਆਂ ਮਹੇਸ਼ ਸਿੰਘ ਅਰੋੜਾ ਦੇ ਜਿਨਾਂ ਨੇ ਇੰਨੇ ਗੁਰਦੁਆਰਾ ਸਾਹਿਬ ਜੋ ਕਿ ਤਰਸਯੋਗ ਹਾਲਤ ਵਿੱਚ ਸਨ ਉਹਨਾਂ ਨੂੰ ਵੀ ਆਪਣੇ ਕਮੇਟੀ ਦੇ ਮੈਂਬਰਾਂ ਦੇ ਸਹਿਯੋਗ ਨਾਲ ਪ੍ਰੋਪਰਟੀ ਬੋਰਡ ਦੇ ਸਹਿਯੋਗ ਨਾਲ ਪਾਕਿਸਤਾਨ ਗੁਰਦੁਆਰਾ ਸਾਹਿਬ ਕਮੇਟੀ ਦੇ ਸਹਿਯੋਗ ਨਾਲ ਪਾਕਿਸਤਾਨ ਸਰਕਾਰ ਦੇ ਸਹਿਯੋਗ ਨਾਲ ਉਹਨਾਂ ਨੂੰ ਉਹ ਦੁਬਾਰਾ ਬਿਹਤਰ ਕਰਨ ਦੀ ਕੋਸ਼ਿਸ਼ ਕਰ ਰਹੇ ਨੇ। ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਅਸੀ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਵੱਲੋਂ ਹਮੇਸ਼ਾ ਦੀ ਤਰ੍ਹਾਂ ਅਸੀਂ ਗੁਰਦੁਆਰਾ ਸਾਹਿਬ ਨਨਕਾਣਾ ਸਾਹਿਬ ਗੁਰਦੁਆਰਾ ਸਾਹਿਬ ਪੰਜਾ ਸਾਹਿਬ ਗੁਰਦੁਆਰਾ ਸਾਹਿਬ ਲਾਹੌਰ ਵਾਸਤੇ ਅਸੀਂ ਬਰਤਨ ਬਿਸਤਰੇ ਕੰਬਲ ਅਸੀਂ ਲੈ ਕੇ ਜਾਵਾਂਗੇ। ਇਹ ਕੰਮ ਭਾਈ ਮਰਦਾਨਾ ਸੋਸਾਇਟੀ 1998 ਤੋਂ ਕਰਦੀ ਆ ਰਹੀ ਹੈ ਜਦੋਂ ਬਾਬਾ ਸ਼ਾਮ ਸਿੰਘ ਪ੍ਰਧਾਨ ਹੁੰਦੇ ਸਨ ਤੇ ਉਹ ਕੰਮ ਨਿਰੰਤਰ ਚੱਲੇਗਾ ਸਾਲ ਵਿੱਚ ਇੱਕ ਵਾਰੀ ਅਸੀਂ ਬਰਤਨ ਭਾਂਡੇ ਤੇ ਕੰਬਲ ਅਸੀਂ ਉਥੇ ਡੋਨੇਟ ਕਰਦੇ ਆਂ ਵਾਹਿਗੁਰੂ ਕਿਰਪਾ ਕਰਨ ਗੁਰਦੁਆਰਾ ਬਾਬੇ ਕੀ ਬੇਅਰ ਨਵੰਬਰ ਵਿੱਚ ਖੁੱਲੇ ਇਸ ਨਾਲ ਸਿੱਖ ਸੰਗਤ ਵਿੱਚ ਬਹੁਤ ਹੀ ਖੁਸ਼ੀ ਦੀ ਲਹਿਰ ਦੌੜੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਚੇਅਰਮੈਨ ਜਸਪ੍ਰੀਤ ਸਿੰਘ ਵਲੋਂ

# ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਕਾਲੇ ਘਨੂੰਪੁਰ ਵਿਖੇ ਵਿਦਿਆਰਥੀਆ ਨੂੰ 183 ਸਕੂਲ ਬੈਗ ਵੰਡੇ



ਚੌਕ ਮਹਿਤਾ26 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸਾ ਨਿਰਦੇਸਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਪੜ ਰਹੇ ਬੱਚਿਆਂ ਨੂੰ ਉੱਚ ਮਿਆਰੀ ਵਿੱਦਿਆ ਦੇ ਨਾਲ ਹੋਰ ਵੀ ਸਹੂਲਤਾਂ ਦਿੱਤੀਆ ਜਾ ਰਹੀਆਂ ਹਨ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਵਿਦਿਅਰਥੀਆ ਦਾ ਰੁਝਾਨ ਸਰਕਾਰੀ ਸਕੂਲਾਂ ਵੱਲ ਜਿਆਦਾ ਵੱਧ ਰਿਹਾ ਹੈ ਪੰਜਾਬ ਦੇ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਓਹਨਾਂ ਨੂੰ ਆਪਣੇ ਪੈਰਾਂ ਤੇ ਖੜੇ ਕਰਨ ਲਈ ਪੰਜਾਬ ਸਰਕਾਰ ਵਿਸੇਸ ਤਰਾ ਦੇ ਉਪਰਾਲੇ ਕਰ ਰਹੀ ਹੈ ਜਿਸਦੇ ਤਹਿਤ ਹੁਣ ਤੱਕ ਪੰਜਾਬ ਸਰਕਾਰ ਵਲੋ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆ ਗਈਆਂ ਹਨ ਸੂਬਾ ਸਰਕਾਰ ਵਲੋ ਹਰ ਖੇਤਰ ਵਿੱਚ ਆਮ ਲੋਕਾਂ ਦੀ ਭਲਾਈ ਲਈ ਲਗਾਤਾਰ ਹੋਰ ਉਪਰਾਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਸੂਬਾ ਵਾਸੀ ਭਰਪੂਰ ਲਾਹਾ ਲੈ ਰਹੇ ਹਨ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਪ੍ਰੀਤ ਸਿੰਘ ਵਲੋਂ ਹਲਕਾ ਦੱਖਣੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਹਲਕਾ ਪੱਛਮੀ ਪਿੰਡ ਕਾਲੇ ਘਨੂੰਪੁਰ ਵਿਖੇ ਵਿਦਿਅਰਥੀਆ ਨੂੰ 183 ਸਕੂਲ ਬੈਗ ਵੰਡੇ ਗਏ ਇਸ ਮੌਕੇ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲ ਪ੍ਰਾਈਵੇਟ ਸਕੂਲ ਨੂੰ ਮਾਤ ਪਾ ਰਹੇ ਹਨ ਇਸ ਮੌਕੇ ਡੀ ਓ ਸਾਹਿਬ, ਹਰਜੀਤ ਸਿੰਘ ਕਲਕੱਤਾ, ਗੁਰਦਿਆਲ ਸਿੰਘ,ਵਿਪਿਨ, ਸਰਬਜੀਤ ਸਿੰਘ ਬਿੱਟੂ, ਲਵਪ੍ਰੀਤ ਸਿੰਘ ਵਰਪਾਲ,ਰਜਿੰਦਰ ਸਿੰਘ ਰਾਜਿੰਦਰ ਸਿੰਘ ,ਅਮਰਜੀਤ ਸਿੰਘ ,ਵਿਕਰਮਜੀਤ ,ਪ੍ਰਿੰਸੀਪਲ ਮੈਡਮ ਅਤੇ ਸਮੂਹ ਸਟਾਫ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਹਿਮਾਚਲ ਵਿਚ 20ਵੀਂ ਸਦੀ ਦੇ ਮਹਾਨ ਯੋਧੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਤਸਵੀਰ ਤੇ ਨਿਸ਼ਾਨ ਸਾਹਿਬ ਦਾ ਅਪਮਾਨ ਕਰਨ ਵਾਲੇ ਘਟੀਆ ਅਨਸਰ ਬਾਜ ਆਉਣ—ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ



ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਹਿਮਾਜਲ ਵਿਚ 20ਵੀਂ ਸਦੀ ਦੇ ਮਹਾਨ ਯੋਧੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਤਸਵੀਰ ਤੇ ਨਿਸ਼ਾਨ ਸਾਹਿਬ ਦਾ ਅਪਮਾਨ ਕਰਨ ਵਾਲੇ ਘਟੀਆ ਅਨਸਰ ਬਾਜ ਆਉਣ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਦੱਸਿਆ ਕਿ ਹਿਮਾਚਲ ਦੇ ਕੁਲੂ ਵਿਖੇ ਕੁਝ ਸ਼ਰਾਰਤੀ ਅਨਸਰਾਂ ਨੇ 20ਵੀਂ ਸਦੀ ਦੇ ਮਹਾਨ ਯੋਧੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਤਸਵੀਰ ਅਤੇ ਨਿਸ਼ਾਨ ਸਾਹਿਬ ਅਤੇ ਝੰਡਿਆਂ ਦਾ ਅਪਮਾਨ ਕਰਨ ਵਾਲੇ ਘਟੀਆ ਅਨਸਰ ਬਾਜ ਆਉਣ। ਇਸ ਨਾਲ ਫਿਰਕਾ ਪ੍ਰਸਤੀਆਂ ਹਿੰਦੂ ਅਤੇ ਸਿੱਖਾਂ ਵਿਚ ਪਾੜ੍ਹਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜ਼ੋ ਕਿ ਸਹਿਣਯੋਗ ਨਹੀਂ ਹੈ, ਕਿਉਂਕਿ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਹਮੇਸ਼ਾ ਹਿੰਦੂ ਸਿੱਖ ਏਕਤਾ ਬਣਾਉਣਾ ਚਾਹੁੰਦੇ ਸਨ ਅਤੇ ਉਨ੍ਹਾਂ ਹਿੰਦੂਆਂ ਦੀਆਂ ਬਹੂ ਬੇਟੀਆਂ ਦੇ ਹਜ਼ਾਰਾਂ ਦੀ ਤਦਾਦ ਵਿਚ ਘਰ ਵਸਾਏ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਅੱਗੇ ਦੱਸਿਆ ਕਿ ਪੰਜਾਬ ਵਿਚ ਹਿਮਾਚਲ ਦੇ ਬਹੁਤ ਸਾਰੇ ਪਰਿਵਾਰ ਰਹਿੰਦੇ ਹਨ ਅਤੇ ਪੰਜਾਬ ਦੇ ਲੋਕ ਹਿਮਾਚਲ ਵਿਚ ਰਹਿੰਦੇ ਹਨ ਅਤੇ ਆਪਸੀ ਭਾਈਚਾਰੇ ਨਾਲ ਰਹਿੰਦੇ ਹਨ, ਜ਼ੋ ਕਿ ਗੂੜੀ ਮਿੱਤਰਤਾ ਦਾ ਸਬੂਤ ਹਨ, ਜਦ ਕਿ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਫੋਟੋ ਤੇ ਕਿਸੇ ਵੀ ਸੂਬੇ ਨੇ ਬੈਨ ਨਹੀਂ ਲਾਇਆ, ਪਰ ਹਿਮਾਜਲ ਦੀਆਂ ਸੜਕਾਂ ਤੇ ਸੰਤਾਂ ਦੀਆਂ ਫੋਟੋ ਵਾਲੇ ਸਟਕੀਰ ਅਤੇ ਝੰਡੇ ਲਾਹੁਣ ਦਾ ਮਾਮਲਾ ਹੁਣ ਭਖਦਾ ਜਾ ਰਿਹਾ ਹੈ, ਕਿਉਕਿ ਹਰ ਇਕ ਧਰਮ ਦਾ ਸਤਿਕਾਰ ਹੋਣਾ ਚਾਹੀਦਾ ਹੈ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਹਿਮਾਚਲ ਸਰਕਾਰ ਨੂੰ ਕਿਹਾ ਕਿ ਉਹ ਇਨ੍ਹਾਂ ਭੈੜੇ ਅਨਸਰਾਂ ਖਿਲਾਫ ਸਖਤ ਕਾਰਵਾਈ ਕਰੇ, ਨਹੀਂ ਤਾਂ ਆਉਣ ਵਾਲਾ ਸਮਾਂ ਬਹੁਤ ਹੀ ਭਿਆਨਕ ਹੋਵੇਗਾ, ਜਿਸ ਦੀ ਸਾਰੀ ਜਿੰਮੇਵਾਰੀ ਹਿਮਾਚਲ ਸਰਕਾਰ ਦੀ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਰਾਮ ਬਾਗ ਵ੍ਰਿੱਧ ਸੇਵਾ ਆਸ਼ਰਮ ਵਿਚ ਲਾਇਆ ਅੱਖਾਂ ਦਾ ਚੈਕਅਪ ਕੈਂਪ



**ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :—** ਸ਼੍ਰੀ ਰਾਮ ਬਾਗ਼ ਵ੍ਰਿੱਧ ਸੇਵਾ ਆਸ਼ਰਮ ਵਿੱਚ ਨੇਤਰ ਜਾਂਚ ਕੈਂਪ ਲਗਾਇਆ ਗਿਆ, ਜਿਸ ਵਿੱਚ ਸੈਂਕੜੇ ਲੋਕਾਂ ਨੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਈ। ਕਮੇਟੀ ਪ੍ਰਧਾਨ ਹਰੀਸ਼ ਗੋਯਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ ਭਗਤ ਰਿਸ਼ਭਦੇਵ ਮੈਮੋਰਿਅਲ ਲਾਇਨਜ਼ ਆਈ ਹਸਪਤਾਲ ਤੋਂ ਡਾ: ਵਿਕਾਸ ਸ਼ੁਕਲਾ ਨੇ ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕੀਤੀ, ਕੁੱਲ 400 ਮਰੀਜ਼ਾਂ ਦੀ ਜਾਂਚ ਹੋਈ, ਜਿਨ੍ਹਾਂ ਵਿੱਚੋਂ 100 ਮਰੀਜ਼ਾਂ ਦੀਆਂ ਅੱਖਾਂ ਦੇ ਆਪਰੇਸ਼ਨ ਕੀਤੇ ਜਾਣਗੇ। ਸ੍ਰੀ ਹਰੀਸ਼ ਗੋਯਲ ਨੇ ਦੱਸਿਆ ਕਿ ਅੱਖਾਂ ਦੇ ਆਪਰੇਸ਼ਨ 4 ਪੜਾਅ ਵਿੱਚ ਕੀਤੇ ਜਾਣਗੇ, ਜੋ 27 ਮਾਰਚ ਤੋਂ ਸ਼ੁਰੂ ਹੋਣਗੇ। ਉਨ੍ਹਾਂ ਕਿਹਾ ਕਿ ਇਹ ਤਰ੍ਹਾਂ ਦੇ ਕੈਂਪ ਜ਼ਰੂਰਤਮੰਦ ਲੋਕਾਂ ਲਈ ਬਹੁਤ ਲਾਭਦਾਇਕ ਹੁੰਦੇ ਹਨ, ਕਿਉਂਕਿ ਇਨ੍ਹਾਂ ਰਾਹੀਂ ਉਨ੍ਹਾਂ ਨੂੰ ਸਮੇਂ 'ਤੇ ਇਲਾਜ ਮਿਲ ਸਕਦਾ ਹੈ ਅਤੇ ਉਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਬਚ ਸਕਦੀ ਹੈ। ਨੇਤਰ ਜਾਂਚ ਕੈਂਪ ਦੇ ਨਾਲ—ਨਾਲ ਜੇਨੇਸਿਸ ਅਮਨਦੀਪ ਹਸਪਤਾਲ ਵੱਲੋਂ ਮੈਡੀਕਲ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ ਮਰੀਜ਼ਾਂ ਦੀ ਹੋਰ ਸਿਹਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਲੋੜੀਂਦਾ ਉਪਰਾਮ ਦਿੱਤਾ ਗਿਆ। ਇਸ ਕੈਂਪ ਵਿੱਚ ਲਾਇਨਜ਼ ਕਲੱਬ ਫਿਰੋਜ਼ਪੁਰ ਬਾਰਡਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਕਲੱਬ ਦੇ ਲਾਇਨ ਰੋਹਿਤ ਗਰਗ, ਲਾਇਨ ਦੀਪਕ ਗੁਪਤਾ, ਲਾਇਨ ਆਸ਼ੀਸ਼ ਸ਼ਰਮਾ, ਲਾਇਨ ਅਭੈ ਧਵਨ, ਲਾਇਨ ਸਰਪ੍ਰੀਤ ਸਿੰਘ, ਲਾਇਨ ਸੌਰਭ ਪੁਰੀ, ਲਾਇਨ ਯੋਗੇਸ਼ ਸੋਨੀ, ਲਾਇਨ ਨਰੇਸ਼ ਗੋਯਲ ਅਤੇ ਹੋਰ ਮੈਂਬਰਾਂ ਨੇ ਇਸ ਆਯੋਜਨ ਨੂੰ ਕਾਮਯਾਬ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਮੌਕੇ ਅਗਰਵਾਲ ਸੰਮੇਲਨ ਵੱਲੋਂ ਅਸ਼ੋਕ ਗੁਪਤਾ, ਪਵਨ ਕੌਂਸਲ, ਅਸ਼ੋਕ ਗਰਗ, ਅਨਿਲ ਸਾਂਘੀ, ਸੁਸ਼ੀਲ ਗੁਪਤਾ ਅਤੇ ਸਰਪਰਸਤ ਲਾਲ ਚੰਦ ਗੋਯਲ ਵੀ ਮੌਜੂਦ ਰਹੇ। ਅਖੀਰ ਵਿੱਚ, ਕਮੇਟੀ ਪ੍ਰਧਾਨ ਹਰੀਸ਼ ਗੋਯਲ ਨੇ ਕਿਹਾ ਕਿ ਸ਼੍ਰੀ ਰਾਮ ਬਾਗ਼ ਵ੍ਰਿੱਧ ਸੇਵਾ ਆਸ਼ਰਮ ਦਾ ਉਦੇਸ਼ ਜ਼ਰੂਰਤਮੰਦ ਬਜ਼ੁਰਗਾਂ ਨੂੰ ਹਰ ਸੰਭਵ ਚਿਕਿਤਸਾ ਅਤੇ ਦੇਖਭਾਲ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਸਹਿਯੋਗ ਨਾਲ ਹੀ ਅਜਿਹੇ ਭਲੇ ਕੰਮ ਸੰਭਵ ਹੋ ਸਕਦੇ ਹਨ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਿਹਤ ਕੈਂਪ ਲਗਦੇ ਰਹਿਣਗੇ। ਉਨ੍ਹਾਂ ਸਭ ਡਾਕਟਰਾਂ, ਸਹਿਯੋਗੀ ਸੰਸਥਾਵਾਂ ਅਤੇ ਸੇਵਾ ਭਾਵਨਾ ਨਾਲ ਕੰਮ ਕਰ ਰਹੇ ਸਵੈਛਿਕ ਕਰਮਚਾਰੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਕੈਂਪ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV

# ਤਖਤ ਸਾਹਿਬਾਨਾਂ ਦੇ ਸਿੰਘ ਸਾਹਿਬਾਨਾਂ ਦੀ ਬਹਾਲੀ ਲਈ 28 ਮਾਰਚ ਨੂੰ ਸਾਰੇ ਭਾਰਤ ਤੋਂ ਸੰਗਤਾਂ ਪਹੁੰਚ ਰਹੀਆਂ ਹਨ—ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ



ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਤਖਤ ਸਾਹਿਬਾਨਾਂ ਦੇ ਸਿੰਘ ਸਾਹਿਬਾਨਾਂ ਦੀ ਬਹਾਲੀ ਲਈ 28 ਮਾਰਚ ਨੂੰ ਦਿੱਲੀ, ਰਾਜਸਥਾਨ, ਹਰਿਆਣਾ ਅਤੇ ਸਾਰੇ ਪੰਜਾਬ ਭਰ ਤੋਂ ਸੰਗਤਾਂ ਪਹੁੰਚ ਰਹੀਆਂ ਹਨ ਅਤੇ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਦੱਸਿਆ ਕਿ ਸੰਗਤਾਂ ਵਿਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਸੰਗਤਾਂ ਵਿਚ ਰੋਸ ਪਾਇਆ ਜਾ ਰਿਹਾ ਹੈ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ, ਸਿਧਾਂਤ ਅਤੇ ਵਿਧੀ ਵਿਧਾਨ ਦਾ ਘਾਣ ਕਰਨ ਵਾਲੀਆਂ ਸ਼ਕਤੀਆਂ ਵਿਰੁੱਧ ਰੋਸ ਧਰਨਾ ਸਤਿਕਾਰ ਯੋਗ ਮਹਾਂਪੁਰਸ਼ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਯੋਗ ਅਗਵਾਈ ਹੇਠ ਦਿੱਤਾ ਜਾ ਰਿਹਾ ਹੈ। ਇਹ ਰੋਸ ਧਰਨਾ 14 ਮਾਰਚ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਇਕੱਤਰਤਾ ਵਿਚ ਲਏ ਗਏ ਫੈਸਲੇ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਨਮਾਨ ਦੀ ਬਹਾਲੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਮੌਕੇ 28 ਮਾਰਚ ਦਿਨ ਸ਼ੁਕਰਵਾਰ ਸਵੇਰੇ 11:30 ਵਜੇ ਸ: ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰੋਸ ਧਰਨਾ ਦਿੱਤਾ ਜਾਵੇਗਾ। ਸਤਿਕਾਰਯੋਗ ਮਹਾਂਪੁਰਖ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਗੋਲਡਨ ਗੇਟ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ 11 ਵਜੇ ਕਾਫਲੇ ਦੇ ਰੂਪ ਵਿਚ ਚਲਿਆ ਜਾਵੇਗਾ ਤਾਂ ਜ਼ੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀ ਅਤਰਿੰਗ ਕਮੇਟੀ ਵੱਲੋਂ ਰੱਦ ਕੀਤੇ ਜਥੇਦਾਰਾਂ ਨੂੰ ਮੁੜ ਤੋਂ ਬਹਾਲ ਕੀਤਾ ਜਾਵੇ। ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਸਮੂਹ ਦੇਸ਼ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਰੱਦ ਕੀਤੇ ਜਥੇਦਾਰਾਂ ਨੂੰ ਬਹਾਲ ਕਰਵਾ ਸਕੀਏ।

ਬਰਨਾਲਾ ਸਰਕਾਰ ਵਲੋਂ ਵਰਪਾਇਆ ਗਿਆ 1986 ਦਾ ਹੋਲਾ ਮਹੱਲਾ ਗੋਲ਼ੀ ਕਾਂਡ ਤੱਤਕਾਲੀ ਹਕੂਮਤ ਦੇ ਮੱਥੇ ਕਲੰਕ

# ਸ਼ਹਾਦਤਾਂ ਨੂੰ ਯਾਦ ਰੱਖਣ ਦਾ ਫ਼ਰਜ ਅਸੀਂ ਭੁੱਲ ਰਹੇ ਹਾਂ-ਬਾਬਾ ਹਰਦੀਪ ਸਿੰਘ ਮਹਿਰਾਜ



**ਬਠਿੰਡਾ, 26 ਮਾਰਚ,(ਮਨਪ੍ਰੀਤ ਸਿੰਘ ਖਾਲਸਾ):-** ਅੱਜ ਦੇ ਦਿਨ ਭਾਵ 26 ਮਾਰਚ 1986 ਨੂੰ ਸੱਤਾ ਦੇ ਹੰਕਾਰ 'ਚ ਉਸ ਵੇਲੇ ਦੀ ਅਕਾਲੀ ਦਲ ਬਰਨਾਲਾ ਦੀ ਹਕੂਮਤ ਨੇ ਹੋਲੇ ਮਹੱਲੇ 'ਤੇ ਗੋਲ਼ੀਬਾਰੀ ਕਰਵਾ ਕੇ ਕਈ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ ਤੇ ਕੁਝ ਗੰਭੀਰ ਰੂਪ ਵਿਚ ਫੱਟੜ ਹੋ ਗਏ ਸਨ। ਇਤਿਹਾਸਕ ਧਰਤੀ 'ਤੇ ਪੁਲਿਸ ਵੱਲੋਂ ਕਰਵਾਇਆ ਇਹ ਖ਼ੂਨ ਖਰਾਬਾ ਜਿੱਥੇ ਉਸ ਵੇਲੇ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਉਸ ਦੀ ਸਰਕਾਰ 'ਤੇ ਨਾ ਮਿਟਾਇਆ ਜਾਣ ਵਾਲਾ ਕਲੰਕ ਹੈ, ਉਥੇ ਹੀ ਸਾਨੂੰ ਵੀ ਇਹਨਾਂ ਸ਼ਹੀਦਾਂ ਦੀ ਯਾਦ 'ਚ ਕੋਈ ਸਮਾਗਮ ਕਰਨੇ ਚਾਹੀਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟ ਸਿੱਖ ਹਲਕਿਆਂ 'ਚ ਸਰਗਰਮ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਜਾਰੀ ਪ੍ਰੈਸ ਨੋਟ ਵਿਚ ਕੀਤਾ। ਉਹਨਾਂ ਦੱਸਿਆ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਸਾਜਨਾ ਦਿਵਸ 'ਤੇ 1699 ਵਿਚ ਸ਼ੁਰੂ ਕੀਤਾ ਇਹ ਹੋਲਾ ਮਹੱਲਾ ਹਰ ਸਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ, ਜਿਸ ਵਿਚ ਗੁਰੂ ਦੇ ਸਿੰਘ ਤੇ ਲਾਡਲੀਆਂ ਫੌਜਾਂ ਆਪਣੇ ਕਰਤੱਬ ਦਿਖਾਉਦੀਆਂ ਹਨ ਪਰ 26 ਮਾਰਚ 1986 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਵਾਲੇ ਮੈਦਾਨ ਵਿਚ ਪੁਲਿਸ ਨੇ ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਿੰਘਾਂ 'ਤੇ ਅੰਨੇਵਾਹ ਗੋਲ਼ੀ ਵਰਾ ਦਿੱਤੀ ਜਿਸ ਵਿਚ ਸ਼ਹੀਦ ਭਾਈ ਰਣਜੀਤ ਸਿੰਘ, ਭਾਈ ਮੇਜਰ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਸਤਨਾਮ ਸਿੰਘ ਤੇ ਕੁਲਵਿੰਦਰ ਸਿੰਘ ਸ਼ਹਾਦਤਾਂ ਦਾ ਜਾਮ ਪੀ ਗਏ ਜਦੋਂ ਕਿ ਇਕ ਹੋਰ ਸ਼ਹੀਦ ਸਿੰਘ ਦੀ ਲਾਸ਼ ਪਹਿਚਾਣੀ ਨਾ ਜਾ ਸਕੇ, ਇਸ ਗੋਲ਼ੀਬਾਰੀ ਵਿਚ ਪੰਦਰਾਂ ਤੋਂ ਵੱਧ ਸਿੱਖ ਗੰਭੀਰ ਫੱਟੜ ਹੋ ਗਏ ਸਨ। ਉਹਨਾਂ ਦੱਸਿਆ ਕਿ ਦਮਦਮੀ ਟਕਸਾਲ ਦੇ ਉਸ ਵੇਲੇ ਦੇ ਆਗੂ ਭਾਈ ਮੋਹਕਮ ਸਿੰਘ ਨੂੰ ਪੁਲਿਸ ਨੇ ਨਜਾਇਜ ਹਿਰਾਸਤ ਵਿਚ ਲਿਆ ਹੋਇਆ ਸੀ ਤੇ ਸਿੱਖ ਸੰਗਤ ਸਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਕੇ ਉਹਨਾਂ ਦੀ ਰਿਹਾਈ ਦੀ ਮੰਗ ਕਰ ਰਿਹਾ ਸੀ ਪਰ ਸੱਤਾ ਦੇ ਹੰਕਾਰ 'ਚ ਮੁੱਖ ਮੰਤਰੀ ਬਰਨਾਲਾ ਭੁੱਲ ਚੁੱਕਿਆ ਸੀ ਕਿ ਇਤਿਹਾਸਕ ਤਖ਼ਤ ਤੇ ਇਤਿਹਾਸਕ ਦਿਹਾੜੇ ਮੌਕੇ ਸਿੱਖ ਸਰਧਾਲੂਆਂ ਦਾ ਖ਼ੂਨ ਡੋਲਣ ਦਾ ਸਦਾ ਲਈ ਕਲੰਕ ਖੱਟ ਰਿਹਾ ਹੈ। ਉਹਨਾਂ ਸਮੂਹ ਸਿੱਖ ਸੰਗਤ ਨੂੰ ਵੀ ਬੇਨਤੀ ਕੀਤੀ ਕਿ ਇਹਨਾਂ ਸ਼ਹੀਦਾਂ ਦੀ ਸ਼ਹਾਦਤਾਂ ਨੂੰ ਯਾਦ ਰੱਖਣ ਤੇ ਇਤਿਹਾਸ ਦਾ ਵਰਕਾ ਬਣਾਉਣ ਲਈ ਇਸੇ ਦਿਨ ਉਹਨਾਂ ਦੀ ਯਾਦ 'ਚ ਸਮਾਗਮ ਰੱਖ ਚਾਹੀਦਾ ਹੈ।

# ਸਰੋਂ ਦੀ ਕਾਸ਼ਤ ਸੰਬੰਧੀ ਜਗਾ ਰਾਮ ਤੀਰਥ ਵਿਖੇ ਸਿਖਲਾਈ ਕੋਰਸ ਆਯੋਜਿਤ



**ਤਲਵੰਡੀ ਸਾਬੋ, 26 ਮਾਰਚ (ਗੁਰਜੰਟ ਸਿੰਘ ਨਥੇਹਾ)-** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਚਲਾਏ ਜਾ ਰਹੇ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵੱਲੋਂ ਸਰੋਂ ਦੀ ਕਾਸ਼ਤ ਸੰਬੰਧੀ ਸਿਖਲਾਈ ਕੋਰਸ ਪਿੰਡ ਜਗਾ ਰਾਮ ਤੀਰਥ ਬਲਾਕ ਤਲਵੰਡੀ ਸਾਬੋ ਵਿਖੇ ਲਗਾਇਆ ਗਿਆ। ਇਸ ਕੈਂਪ ਦੌਰਾਨ ਸਰ੍ਹੋਂ ਦੀ ਸਫਲ ਕਾਸ਼ਤ, ਕਟਾਈ ਅਤੇ ਮੰਡੀਕਰਨ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਡਾ. ਗੁਰਮੀਤ ਸਿੰਘ ਢਿੱਲੋਂ, ਪ੍ਰੋਫੈਸਰ (ਪਸਾਰ ਸਿੱਖਿਆ) ਨੇ ਕਿਸਾਨਾਂ ਨੂੰ ਸਰੋਂ ਦੀ ਸਫਲ ਕਾਸ਼ਤ ਸੰਬੰਧੀ ਨੁਕਤੇ ਸਾਂਝੇ ਕੀਤੇ ਅਤੇ ਸਰੋਂ ਦੀ ਪ੍ਰੋਸੈਸਿੰਗ ਕਰਕੇ ਤੇਲ ਕਢਵਾ ਕੇ ਵਧੀਆ ਡੱਬਾਬੰਦੀ ਕਰਕੇ ਕਿਸਾਨ ਵੀਰ ਆਪਣਾ ਮੁਨਾਫਾ ਵਧਾ ਸਕਦੇ ਹਨ। ਉਹਨਾਂ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਤੇਲ ਬੀਜਾਂ ਦੀ ਕਾਸ਼ਤ ਥੱਲੇ ਰਕਬੇ ਨੂੰ ਵਧਾਉਣ ਤਾਂ ਜੋ ਫਸਲੀ ਭਵਿੰਨਤਾ ਨੂੰ ਅਪਣਾਇਆ ਜਾ ਸਕੇ। ਡਾ. ਵਿਨੈ ਸਿੰਘ ਪਠਾਨੀਆ, ਸਹਾਇਕ ਪ੍ਰੋਫੈਸਰ (ਕੀਟ ਵਿਗਿਆਨ) ਨੇ ਸਰੋਂ ਜਾਤੀ ਦੀਆਂ ਫਸਲਾਂ ਵਿੱਚੋਂ ਕੀੜੇ-ਮਕੌੜੇ ਅਤੇ ਬੀਮਾਰੀਆਂ ਦੀ ਰੋਕਥਾਮ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਸਾਉਣੀ ਦੀਆਂ ਫਸਲਾਂ ਦੀ ਬੀਜ ਸੋਧ ਸੰਬੰਧੀ ਵੀ ਆਪਣੇ ਨੁਕਤੇ ਸਾਂਝੇ ਕੀਤੇ ਅਤੇ ਕਿਸਾਨ ਵੀਰਾਂ ਨੂੰ ਖੇਤੀ ਸਹਾਇਕ ਧੰਦੇ ਅਪਨਾਉਣ ਲਈ ਪ੍ਰੇਰਿਤ ਕੀਤਾ। ਸ੍ਰੀ. ਗੌਰਵ ਜੈਨ ਖੇਤੀਬਾੜੀ ਸਬ ਇੰਸਪੈਕਟਰ, ਤਲਵੰਡੀ ਸਾਬੋ ਨੇ ਆਪਣੇ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਕਿਸਾਨ ਭਲਾਈ ਸਕੀਮਾਂ ਨੂੰ ਦਰਸ਼ਕਾਂ ਨਾਲ ਸਾਂਝਾ ਕੀਤਾ। ਉਹਨਾਂ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਨਰਮੇ ਦੀ ਸੁਚੱਜੀ ਕਾਸ਼ਤ ਲਈ ਨਰਮੇ ਦੀਆਂ ਛਿਟੀਆਂ ਦੇ ਢੇਰਾਂ ਨੂੰ ਨਸ਼ਟ ਕਰਨ ਅਤੇ ਨਦੀਨ ਦੀ ਰੋਕਥਾਮ ਸੰਬੰਧੀ ਅਪੀਲ ਕੀਤੀ। ਅੰਤ ਵਿੱਚ ਸਰੋਂ ਦੀਆਂ ਪ੍ਰਦਰਸ਼ਨੀਆਂ ਲਾਉਣ ਵਾਲੇ ਕਿਸਾਨਾਂ ਨੂੰ ਜ਼ਿੰਕ ਸਲਫੇਟ ਅਤੇ ਸਲਫਰ ਖਾਦਾਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਰਣਜੋਧ ਸਿੰਘ ਸਿੱਧੂ, ਜੱਗਾ ਸਿੱਧੂ ਕਲੱਬ ਪ੍ਰਧਾਨ, ਜੰਬਾ ਚੋਟੀਆ, ਭਿੰਦਰ ਗਿੱਲ, ਹਰਪ੍ਰੀਤ ਸਿੱਧੂ ਪ੍ਰਧਾਨ, ਸੇਵਾ ਸਿੱਧੂ, ਤਰਲੋਚਨ ਸਿੰਘ, ਮੰਦਰ ਪ੍ਰਧਾਨ, ਭਿੰਦਰ ਸਿੰਘ, ਬਲਦੇਵ ਮੈਂਬਰ, ਪ੍ਰਗਟ ਸਿੰਘ, ਇਕਬਾਲ ਸੰਧੂ, ਬਲਜੀਤ ਧਵਨ, ਲਾਭ ਸਿੰਘ, ਪਾਲ ਸ਼ਰਮਾ, ਹਰਭਜਨ ਧਾਲੀਵਾਲ, ਪਿੱਪਲ ਸਿੰਘ, ਕਾਲਾ ਸਿੰਘ, ਮੇਜਰ ਸਿੰਘ, ਕੁਲਵਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

ਬਦਲਾਅ ਤੋਂ ਪਰੇਸ਼ਾਨ ਪੰਜਾਬ ਵੱਧ ਰਿਹਾ ਰਾਜਨੀਤਿਕ ਵਿਕਲਪ ਵੱਲ

# ਕਿਸਾਨਾਂ ਤੇ ਸਿੱਖ ਨੌਜਵਾਨੀ ਨਾਲ ਆਮ ਆਦਮੀ ਪਾਰਟੀ ਨੇ ਕੀਤਾ ਵੱਡਾ ਧੋਖਾ





**ਅੱਜ** ਸੁਖਬੀਰ ਸਿੰਘ ਬਲਬੇੜਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਕਿਸਾਨਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਕਿਸਾਨ ਅਪਣੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਤੇ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਮੀਟਿੰਗ ਲਈ ਬੁਲਾਇਆ ਤੇ ਗ੍ਰਿਫ਼ਤਾਰ ਕੀਤਾ ਕਰ ਲਿਆ । ਕਿਸਾਨੀ ਮੋਰਚੇ ਨੂੰ ਖਤਮ ਕੀਤਾ । ਇਸ ਕਰਕੇ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਪੰਜਾਬ ਵਿੱਚ ਵੱਡੀ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਸ਼ੁਰੂ ਕਰਨ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਉਹਨਾਂ ਦੇ ਸਾਥੀਆਂ ਦੀ ਗ੍ਰਿਫਤਾਰੀਆਂ ਤੇ ਨਜਾਇਜ਼ ਐਨਐਸਏ ਲਗਾਉਣ ਵਾਲੀਆਂ ਕੋਝੀਆਂ ਚਾਲਾਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀਆਂ ਜੜਾਂ ਵਿੱਚ ਬੈਠਣਗੀਆਂ । ਪੰਜਾਬ ਵਿੱਚ ਸਾਰੇ ਵਰਗਾਂ ਦਾ ਸਰਕਾਰ ਤੋਂ ਭਰੋਸਾ ਉੱਠ ਚੁੱਕਾ ਹੈ । ਨਸ਼ੇ ਦੇ ਨਾਂ ਤੇ ਵੱਡੇ ਵੱਡੇ ਪੋਸਟਰ ਲਗਾਉਣ ਵਾਲੀ ਪੰਜਾਬ ਸਰਕਾਰ ਹੁਣ ਤੱਕ ਪੰਜਾਬ ਦੀ ਜਵਾਨੀ ਲਈ ਫਿਕਰਵੰਦ ਪੰਜਾਬ ਦੇ ਉਨਾਂ ਨੌਜਵਾਨਾਂ ਤੇ ਪਰਚੇ ਕਰਕੇ ਜੇਲਾਂ ਚ ਡੱਕਦੀ ਰਹੀ ਹੈ ਜਿਨਾਂ ਨੇ ਨਸ਼ੇ ਖਿਲਾਫ ਮੁਹਿੰਮ ਵਿੱਢੀ ।

ਸਰਕਾਰਾਂ ਤੋਂ ਤੰਗ ਆ ਚੁੱਕੇ ਪੰਜਾਬ ਦੇ ਲੋਕ ਹੁਣ ਰਾਜਨੀਤੀ ਦੇ ਵਿਕਲਪ ਵੱਲ ਵਧ ਰਹੇ ਹਨ । ਰਾਜਨੀਤੀ ਦੇ ਵੱਡੇ ਵਿਕਲਪ ਦੇ ਤੌਰ ਤੇ ਪੰਜਾਬ ਦੇ ਲੋਕ ਅਕਾਲੀ ਦਲ ਵਾਰਸ ਪੰਜਾਬ ਪਾਰਟੀ ਨੂੰ ਪਸੰਦ ਕਰ ਰਹੇ ਹਨ ਤੇ ਮੀਟਿੰਗਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ । ਸੁਖਬੀਰ ਸਿੰਘ ਬਲਬੇੜਾ ਨੇ ਦੱਸਿਆ ਕਿ ਪਾਰਟੀ ਨੇ ਪਟਿਆਲਾ ਜ਼ਿਲ੍ਹੇ ਦੀ ਵਿੱਚ ਜਥੇਬੰਦੀ ਵਿਸਥਾਰ ਕੀਤਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਹੇਠਲੇ ਪੱਧਰ ਉੱਤੇ ਵੀ ਜਲਦੀ ਜਥੇਬੰਦਕ ਢਾਂਚਾ ਤਿਆਰ ਕੀਤਾ ਜਾਵੇਗਾ । ਸੁਖਬੀਰ ਸਿੰਘ ਬਲਬੇੜਾ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੱਲ ਨੂੰ ਵੀ ਪਾਰਟੀ ਦੀ ਮੀਟਿੰਗ ਹਲਕਾ ਸਨੌਰ ਦੇ ਕਸਬਾ ਦੁੱਧਣਸਾਧਾ ਵਿਖੇ ਰੱਖੀ ਗਈ ਹੈ ਜਿਸ ਵਿੱਚ ਪਾਰਟੀ ਦੇ ਸੀਨੀਅਰ ਆਗੂ ਬਾਪੂ ਤਰਸੇਮ ਸਿੰਘ, ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ, ਜਸਕਰਨ ਕਾਹਨ ਸਿੰਘ ਵਾਲਾ ਤੇ ਹੋਰ ਵੀ ਆਗੂ ਸ਼ਾਮਲ ਹੋਣਗੇ ।

**-ਪਰਗਟ ਸਿੰਘ ਬਲਬੇੜਾ, 9022000070**

☛ ਆਮ ਆਦਮੀ ਪਾਰਟੀ ਦਾ ਨਸ਼ੇ ਦੀ ਰੋਕਥਾਮ ਵਾਲਾ ਡਰਾਮਾ ਵਿਧਾਨ ਸਭਾ ਵੋਟਾਂ ਦੀ ਤਿਆਰੀ ਤੋਂ ਸਿਵਾਏ ਹੋਰ ਕੁਝ ਨਹੀਂ

# ਮੈਡਮ ਕਹਿੰਦੀ ਬੱਚਾ ਤੁਹਾਡਾ ਫਰੈਂਕ ਹੈ ਜ਼ਿਆਦਾ (ਬਾਲ ਕਵਿਤਾ)






ਮੈਡਮ ਕਹਿੰਦੀ ਬੱਚਾ ਤੁਹਾਡਾ ਫਰੈਂਕ ਹੈ ਜ਼ਿਆਦਾ,
ਮੈਂ ਕੇਹਾ ਦਿੱਤਾ ਨਹੀਂ ਅਜੇ ਜੜੀਂ ਤੇਲ ਜ਼ਿਆਦਾ,
ਈਰਖਾ ਤੋਂ ਅਜੇ ਦੂਰ ਹੀ ਰੱਖਿਆ,
ਚਾਚਾ ਮਾਮਾ ਗੁਆਂਢੀ ਆਂ ਵੀ ਮਾੜਾ ਉਹ ਵੀ ਮਾੜਾ,
ਅਜੇ ਖੋਲਿਆ ਨਹੀਂ ਲਾਜ ਵਾਲਾ ਪਜਾਮਾ,
ਏਂ ਤੋਂ ਜ਼ੈੱਡ ਪੂਰਾ ਹੈਂ ਸੁਣਾਉਂਦਾ,
ਪੰਜਾਬੀ ਵਾਲਾ ਊੜਾ ਐੜਾ ਨੀਂ ਆਉਂਦਾ,
ਨਰਸਰੀ ਦਾ ਭਾਵੇਂ ਵਿਦਿਆਰਥੀ ਕਹਾਉਂਦਾ।
ਮੈਡਮ ਕਹਿੰਦੀ ਬੱਚਾ ਤੁਹਾਡਾ.........

ਜ਼ਾਤ ਪਾਤ ਵਾਲਾ ਸਿਖਾਇਆ ਨਹੀਂ ਅਜੇ ਫੰਦਾ,
ਅਸੀਂ ਵੀ ਚਾਹੁੰਦੇ ਬਣਿਆ ਰਹੇ ਕੁਦਰਤ ਦਾ ਬੰਦਾ।
ਐਪਲ ਨੂੰ ਸੇਬ ਦੇਖ ਬਨਾਨੇ ਨੂੰ ਕੇਲਾ ਸਮਝ,
ਪੜ ਸਮਝ ਨਾਲੋਂ ਖਾਂਣ ਦੀ ਜੁਗਤ ਲੜਾਉਂਦਾ,
ਹਾਲੇਂ ਨਹੀਂ ਸਮਾਜਿਕ ਫੁਰਤੀ ਜਗਾਉਂਦਾ।
ਸਭਨਾਂ ਨਾਲ਼ ਏਂ ਪਿਆਰ ਦਿਖਾਉਂਦਾ,
ਏਹੋ ਬਚਪਣਾਂ ਰੱਬੀ ਰੂਹ ਦਾ ਨਾਮ ਅਖਵਾਉਂਦਾ।
ਮੈਡਮ ਕਹਿੰਦੀ ਬੱਚਾ ਤੁਹਾਡਾ..........

ਨਰਸਰੀ ਚ ਤੋਤਲੇ ਬੋਲ ਨੇਂ ਸੁਣਾਉਂਦਾ,
ਨਾ ਦਿਨ ਨਾ ਰਾਤ ਦੀ ਬਾਤ ਹੈ ਪਾਉਂਦਾ।
ਜੰਮ ਦੇਆਂ ਨੂੰ ਗੁਰੂਬਾਣੀ ਦੀ ਗੁੜ੍ਹਤੀ ਏਂ ਦਿੱਤੀ,
ਤਾਂ ਹੀ ਮਨੁੱਖਤਾ ਨਾਲ ਪਿਆਰ ਬਣਾਉਂਦਾ,
ਮੈਡਮ ਕਹਿੰਦੀ ਬੱਚਾ ਤੁਹਾਡਾ.........

ਮੈਂ ਆਹ ਵੀ ਲੈਣਾ ਮੈਂ ਉਹ ਵੀ ਲੈਣਾ,
ਬਜ਼ਾਰ ਲੰਘਦਾ ਵੜਦਾ ਹੈ ਕੁਰਲਾਉਂਦਾ।
ਪੈਸੇ ਵਾਲਾ ਨਾਪਤੋਲ ਨਹੀਂ ਸਮਝ ਪਾਉਂਦਾ,
ਮਹਿੰਗੀ ਸਸਤੀ ਨੂੰ ਪੱਲੇ ਨਾ ਬਿਠਾਉਂਦਾ।
ਹਾਲੇ ਨ੍ਹੀਂ ਪਤਾ ਸਕੂਲ ਜਾਣ ਦਾ ਕੀ ਫਾਇਦਾ,
ਮੈਡਮ ਕਹਿੰਦੀ ਬੱਚਾ ਤੁਹਾਡਾ.........

ਬਾਜਵੇ ਸੋਚਾਂ ਕਦੋਂ ਏਅ ਤੋਂ ਜ਼ਾੜੇ ਤੱਕ ਹੈ ਪੁੱਜਣਾ,
ਯੇ ਹੈ, ਵੋ ਹੈ, ਕਯਾ ਹੈ, ਦਾ ਰੋਲ਼ਾ ਹੈ ਪਾਉਂਦਾ,
ਕਿੱਥੇ ਤੇ ਕਿਵੇਂ ਤੇ ਕਦੋਂ ਤੱਕ ਹੈ ਏਨੇਂ ਕਹਾਉਣਾ,
ਮਾਂ ਬੋਲੀ ਤੋਂ ਆਪਣਿਆਂ ਅਜੇ ਦੂਰ ਹੀ ਰੱਖਿਆ,
ਪਤਾ ਨਹੀਂ ਸਿਆਣਿਆਂ ਕਦੋ ਆਪਣੇ ਆਪ ਨੂੰ ਸਮਝਾਉਣਾਂ।
ਮੈਡਮ ਕਹਿੰਦੀ ਬੱਚਾ ਤੁਹਾਡਾ ਫਰੈਂਕ ਹੈ ਜ਼ਿਆਦਾ।

**ਕਮਲ਼ਇੰਦਰਜੀਤ ਬਾਜਵਾ, ਸਬ ਇੰਸਪੈਕਟਰ, ਭੂਮੀ ਰੱਖਿਆ ਤੇ ਜਲ ਸੰਭਾਲ ਵਿਭਾਗ ਤਲਵੰਡੀ ਭਾਈ, ਜ਼ਿਲ੍ਹਾ - ਫ਼ਿਰੋਜ਼ਪੁਰ.**
**98150 - 82401**


# ਧੰਨ ਧੰਨ ਬਾਬਾ ਹਾਕਮ ਸਿੰਘ ਜੀ ਕੁੱਲੀ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 29 ਮਾਰਚ 2025 ਸ਼ਨੀਵਾਰ ਨੂੰ ਤਪ ਅਸਥਾਨ ਨਿਰਮਲ ਕੁਟੀਆ ਦਸ਼ਮੇਸ਼ ਨਗਰ ਵਿਖੇ




(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਜਿਲਾ ਸ਼੍ਰੀ ਅੰਮ੍ਰਿਤਸਰ ਦੇ ਨਗਰ ਦਸਮੇਸ਼ ਨਗਰ ਦੇ ਇਕਾਈ ਪ੍ਰਧਾਨ ਅਤੀ ਸਤਿਕਾਰਯੋਗ ਭਾਈ ਮਨਪ੍ਰੀਤ ਸਿੰਘ ਜੀ ਦਸਮੇਸ਼ ਨਗਰ ਵਾਲਿਆਂ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਧੰਨ ਧੰਨ ਬਾਬਾ ਹਾਕਮ ਸਿੰਘ ਜੀ ਕੁੱਲੀ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 29 ਮਾਰਚ ਸ਼ਨੀਵਾਰ ਨੂੰ ਨਗਰ ਨਿਵਾਸੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਤਪ ਅਸਥਾਨ ਨਿਰਮਲ ਕੁਟੀਆ ਦਸਮੇਸ਼ ਨਗਰ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਸੰਤ ਬਾਬਾ ਪ੍ਰਤਾਪ ਸਿੰਘ ਜੀ ਗੋਬਿੰਦ ਬਾਗ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ ਅਤੇ 11 ਤੋਂ 12 ਵਜੇ ਤੱਕ ਦੀਵਾਨ ਸਜਾਉਣਗੇ ਅਤੇ ਸੰਗਤਾਂ ਨੂੰ ਸ਼ਬਦ ਧਾਰਨਾ ਰਾਹੀਂ ਨਿਹਾਲ ਕਰਨਗੇ। ਸਭ ਸੰਗਤਾਂ ਨੂੰ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਗੁਰਮਤਿ ਸਮਾਗਮ ਵਿੱਚ ਆਪ ਸਭ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਅਤੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਨਾਲ ਹੀ ਇੰਟਰਨੈਸ਼ਨਲ ਪੰਥਕ ਦਲ ਦੇ ਕਾਰਜਕਾਰੀ ਪੰਜਾਬ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਜਥੇ ਸਮੇਤ ਵਿਸ਼ੇਸ਼ ਤੌਰ ਤੇ ਹਾਜਰੀ ਭਰਨਗੇ। ਭਾਈ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਜੋ ਗੁਰਮਤਿ ਸਮਾਗਮ ਹੈ ਪੁਰਾਤਨ ਸਮੇਂ ਤੋਂ ਸੰਗਤਾਂ ਮਨਾਉਂਦੀਆਂ ਆ ਰਹੀਆਂ ਹਨ ਅਤੇ ਅਗਾਂਹ ਸੰਗਤਾਂ ਚੜਦੀਕਲਾ ਨਾਲ ਮਨਾਉਂਦੀਆ ਰਹਿਣਗੀਆਂ। ਇੰਟਰਨੈਸ਼ਨਲ ਪੰਥਕ ਦਲ ਅਤੇ ਦਸਮੇਸ਼ ਨਗਰ ਵੱਲੋਂ ਇਲਾਕਾ ਨਿਵਾਸੀ ਸੰਗਤਾਂ ਅਤੇ ਨੌਜਵਾਨਾਂ ਨੂੰ ਸੰਗਤਾਂ ਦੇ ਰੂਪ ਵਿੱਚ ਇਸ ਸਮਾਗਮ ਵਿੱਚ ਵੱਧ ਚੜ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਜਲਾਵਤਨ ਯੋਧੇ ਭਾਈ ਮਹਿਲ ਸਿੰਘ ਬੱਬਰ ਦੇ ਅਕਾਲ ਚਲਾਣੇ 'ਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰ ਭਾਈ ਵਧਾਵਾ ਸਿੰਘ ਬੱਬਰ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



ਬੱਬਰ ਖਾਲਸਾ ਇੰਟਰਨੈਸ਼ਨਲ

BABBAR KHALSA INTERNATIONAL

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ 'ਚਲਿਆ ਪਤਿ ਸਿਉ ਜਨਮੁ ਸਵਾਰ ਵਾਜਾ ਵਾਇਸੀ' ਅਨੁਸਾਰ, ਗੁਰਸਿੱਖੀ ਜੀਵਨ ਜੀਅ ਕੇ, ਨਾਮ ਬਾਣੀ ਦੇ ਲਾਹੇ ਲੈ ਕੇ ਅਤੇ ਮੌਜੂਦਾ ਸਿੱਖ ਸੰਘਰਸ਼ ਵਿੱਚ ਆਪਣਾ ਹਿੱਸਾ ਪਾ ਕੇ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੇ ਜਨਰਲ ਸਕੱਤਰ ਭਾਈ ਮਹਿਲ ਸਿੰਘ ਜੀ ਬੱਬਰ ਗੁਰਪੁਰੀ ਸਿਧਾਰ ਗਏ ਹਨ ।

ਭਾਈ ਸਾਹਿਬ ਨੇ ਪੰਥ ਦੀ ਵੱਖ ਵੱਖ ਖੇਤਰਾਂ ਅੰਦਰ ਬਹੁਤ ਲੰਬਾ ਸਮਾਂ ਸੇਵਾ ਕੀਤੀ । ਉਨ੍ਹਾਂ ਨੇ ਗੁਰੂ ਸਾਹਿਬ ਦੇ ਹੁਕਮਾਂ ਉੱਤੇ ਪਹਿਰਾ ਦਿੰਦਿਆਂ ਸਿੱਖੀ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਅਤੇ ਸਿੱਖਾਂ ਦੇ ਅਜ਼ਾਦ ਘਰ ਦੀ ਪ੍ਰਾਪਤੀ ਲਈ ਮੌਜੂਦਾ ਸਿੱਖ ਸੰਘਰਸ਼ ਵਿੱਚ ਅਹਿਮ ਰੋਲ ਨਿਭਾਇਆ । ਭਾਈ ਸਾਹਿਬ ਜ਼ਾਲਮ ਵੱਲੋਂ ਕੀਤੇ ਹਰ ਵਾਰ ਸਾਹਮਣੇ ਅਡੋਲ ਰਹੇ, ਪਰਿਵਾਰ ਉੱਤੇ ਹੋਏ ਜ਼ੁਲਮ ਨੂੰ ਖਿੜੇ ਮੱਥੇ ਸਹਾਰਦਿਆਂ ਆਪਣੇ ਆਖਰੀ ਸਾਹ ਤੱਕ ਸੰਘਰਸ਼ਸ਼ੀਲ ਰਹੇ ।

ਦਾਸ ਦਾ ਪਿਛਲੇ ੫੦ ਸਾਲ ਤੋਂ ਭਾਈ ਸਾਹਿਬ ਦੇ ਨਾਲ ਇੱਕ ਬਹੁਤ ਵਧੀਆ ਪਿਆਰ ਵਾਲਾ ਰਿਸ਼ਤਾ ਸੀ । ਸਾਡੇ ਇਸ ਰਿਸ਼ਤੇ ਦੀ ਸ਼ੁਰੂਆਤ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਤੋਂ ਸ਼ੁਰੂ ਹੋਈ ਸੀ ਜਿੱਥੇ ਸਾਡੀ ਮੁਲਾਕਾਤ ਹੋਈ ਸੀ । ਇਹ ਮੁਲਾਕਾਤ ਬਾਅਦ ਵਿੱਚ ਪਿਆਰ ਅਤੇ ਸਤਿਕਾਰ ਭਰੇ ਇੱਕ ਲੰਬੇ ਰਿਸ਼ਤੇ ਵਿੱਚ ਤਬਦੀਲ ਹੋ ਗਈ । ੧੯੭੮ ਦੇ ਸਾਕੇ ਤੋਂ ਬਾਅਦ ਮੌਜੂਦਾ ਸਿੱਖ ਸੰਘਰਸ਼ ਵਿੱਚ ਵੀ ਅਸੀਂ ਕੱਠਿਆਂ ਪੈਰ ਪਾਇਆ ਸੀ । ਪਿਛਲੇ ਪੰਜਾਹ ਸਾਲਾਂ ਤੋਂ ਇਕੱਠਿਆਂ ਮਿਲ ਕੇ ਅਸੀਂ ਪੰਥਕ ਪਿੜ ਵਿੱਚ ਸੇਵਾ ਕੀਤੀ ।

ਜੂਨ ੧੯੮੪ ਨੂੰ ਜਦੋਂ ਭਾਰਤੀ ਫੌਜ ਨੇ ਸਿੱਖਾਂ ਦੇ ਸਰਬ-ਉੱਚ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਘੇਰਾ ਪਾ ਕੇ ਹਮਲਾ ਕੀਤਾ ਸੀ ਤਾਂ ਉਸ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਕੌਮ ਨੂੰ ਟਰਾਂਸਮੀਟਰ ਰਾਹੀਂ ਸੁਨੇਹਾ ਦੇਣ ਲਈ ਭਾਈ ਸਾਹਿਬ ਵੱਲੋਂ ਟੈਕਨੀਕਲ ਕੋਸ਼ਿਸ਼ ਕੀਤੀ ਸੀ । ਹਮਲੇ ਦੌਰਾਨ ਜਦੋਂ ਭਾਈ ਸਾਹਿਬ ਸੰਤ ਭਿੰਡਰਾਂਵਾਲਿਆਂ ਨੂੰ ਮਿਲਣ ਜਾ ਰਹੇ ਸਨ ਤਾਂ ਫੌਜ ਵੱਲੋਂ ਭਾਰੀ ਗੋਲੀਬਾਰੀ ਕੀਤੀ ਗਈ ਪਰ ਉਹ ਭਾਈ ਸਾਹਿਬ ਨੂੰ ਨੁਕਸਾਨ ਨਹੀਂ ਸੀ ਪਹੁੰਚਾ ਸਕੇ ।

ਭਾਈ ਮਹਿਲ ਸਿੰਘ ਜੀ ਨੂੰ ਜਥੇਦਾਰ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾਤਾ ਹੋਣ ਕਰਕੇ ਜਥੇਬੰਦੀ ਦੇ ਸਾਰੇ ਸਿੰਘ ਵੱਡੇ ਭਰਾ ਵਾਲਾ ਸਤਿਕਾਰ ਦਿੰਦੇ ਸਨ ਅਤੇ ਸਾਰੇ ਹੀ ਉਹਨਾਂ ਨੂੰ ਸਤਿਕਾਰ ਨਾਲ 'ਭਾਈ ਸਾਹਿਬ' ਕਹਿ ਕੇ ਸੰਬੋਧਨ ਕਰਦੇ ਸੀ । ਭਾਈ ਸਾਹਿਬ ਦਾ ਸੁਭਾਅ ਵੀ ਬਹੁਤ ਮਿਲਾਪੜਾ ਸੀ । ਉਹਨਾਂ ਦੇ ਚਲੇ ਜਾਣ ਨਾਲ ਜਿੱਥੇ ਸੰਘਰਸ਼ ਦਾ ਸਾਡਾ ਇੱਕ ਸਾਥੀ ਘੱਟ ਹੋਇਆ ਹੈ ਉੱਥੇ ਅਸੀਂ ਇਕ ਵੱਡੇ ਭਰਾ ਤੋਂ ਵੀ ਵਾਂਝੇ ਹੋ ਗਏ ਹਾਂ ।

ਕੌਮ ਪ੍ਰਤੀ ਫਰਜ ਨੂੰ ਨਿਭਾਉਂਦੇ ਹੋਏ ਗੁਰਪੁਰੀ ਸਿਧਾਰ ਗਏ ਭਾਈ ਸਾਹਿਬ ਨੂੰ ਸਮੁੱਚੀ ਜਥੇਬੰਦੀ ਸ਼ਰਧਾ ਦੇ ਫੁੱਲ ਅਰਪਣ ਕਰਦੀ ਹੈ । ਸਾਡੀ ਸਮੂਹ ਪੰਥ ਦਰਦੀ ਸੰਗਤਾਂ ਨੂੰ ਅਪੀਲ ਹੈ ਕਿ ਉਹ ਭਾਈ ਸਾਹਿਬ ਪ੍ਰਥਾਏ ਵੱਧ ਤੋਂ ਵੱਧ ਸਹਿਜ ਪਾਠ ਸਾਹਿਬ, ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਆਯੋਜਿਤ ਕਰਨ ਅਤੇ ਉਨ੍ਹਾਂ ਪ੍ਰਤੀ ਗੁਰੂ ਚਰਨਾਂ ਵਿੱਚ ਅਰਦਾਸਾਂ ਕਰਨ ।

ਭਾਈ ਮਹਿਲ ਸਿੰਘ ਬੱਬਰ ਦਾ ਲੰਮਾਂ ਸੰਘਰਸ਼ ਕੌਮ ਲਈ ਇੱਕ ਚਾਨਣ ਮੁਨਾਰਾ ਹੈ । ਉਹਨਾਂ ਦੀ ਸੇਵਾ ਅਤੇ ਅਡੋਲ ਸੰਘਰਸ਼ ਤੋਂ ਸੇਧ ਲੈ ਕੇ ਅਜ਼ਾਦੀ ਪ੍ਰਾਪਤੀ ਦੇ ਸੰਘਰਸ਼ ਵਿੱਚ ਕੁਦਣਾ ਹੀ ਭਾਈ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪੰਥ ਦਾ ਦਾਸ

ਭਾਈ ਵਧਾਵਾ ਸਿੰਘ ਬੱਬਰ
ਮੁੱਖ ਸੇਵਾਦਾਰ
ਬੱਬਰ ਖਾਲਸਾ ਇੰਟਰਨੈਸ਼ਨਲ




ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ 'ਚਲਿਆ ਪਤਿ ਸਿਉ ਜਨਮੁ ਸਵਾਰ ਵਾਜਾ ਵਾਇਸੀ' ਅਨੁਸਾਰ, ਗੁਰਸਿੱਖੀ ਜੀਵਨ ਜੀਅ ਕੇ, ਨਾਮ ਬਾਣੀ ਦੇ ਲਾਹੇ ਲੈ ਕੇ ਅਤੇ ਮੌਜੂਦਾ ਸਿੱਖ ਸੰਘਰਸ਼ ਵਿੱਚ ਆਪਣਾ ਹਿੱਸਾ ਪਾ ਕੇ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੇ ਜਨਰਲ ਸਕੱਤਰ ਭਾਈ ਮਹਿਲ ਸਿੰਘ ਜੀ ਬੱਬਰ ਗੁਰਪੁਰੀ ਸਿਧਾਰ ਗਏ ਹਨ ।

ਭਾਈ ਸਾਹਿਬ ਨੇ ਪੰਥ ਦੀ ਵੱਖ ਵੱਖ ਖੇਤਰਾਂ ਅੰਦਰ ਬਹੁਤ ਲੰਬਾ ਸਮਾਂ ਸੇਵਾ ਕੀਤੀ । ਉਨ੍ਹਾਂ ਨੇ ਗੁਰੂ ਸਾਹਿਬ ਦੇ ਹੁਕਮਾਂ ਉਤੇ ਪਹਿਰਾ ਦਿੰਦਿਆਂ ਸਿੱਖੀ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਅਤੇ ਸਿੱਖਾਂ ਦੇ ਅਜ਼ਾਦ ਘਰ ਦੀ ਪ੍ਰਾਪਤੀ ਲਈ ਮੌਜੂਦਾ ਸਿੱਖ ਸੰਘਰਸ਼ ਵਿੱਚ ਅਹਿਮ ਰੋਲ ਨਿਭਾਇਆ । ਭਾਈ ਸਾਹਿਬ ਜ਼ਾਲਮ ਵੱਲੋਂ ਕੀਤੇ ਹਰ ਵਾਰ ਸਾਹਮਣੇ ਅਡੋਲ ਰਹੇ, ਪਰਿਵਾਰ ਉੱਤੇ ਹੋਏ ਜ਼ੁਲਮ ਨੂੰ ਖਿੜੇ ਮੱਥੇ ਸਹਾਰਦਿਆਂ ਆਪਣੇ ਆਖਰੀ ਸਾਹ ਤੱਕ ਸੰਘਰਸ਼ਸ਼ੀਲ ਰਹੇ ।

ਦਾਸ ਦਾ ਪਿਛਲੇ 50 ਸਾਲ ਤੋਂ ਭਾਈ ਸਾਹਿਬ ਦੇ ਨਾਲ ਇੱਕ ਬਹੁਤ ਵਧੀਆ ਪਿਆਰ ਵਾਲਾ ਰਿਸ਼ਤਾ ਸੀ । ਸਾਡੇ ਇਸ ਰਿਸ਼ਤੇ ਦੀ ਸ਼ੁਰੂਆਤ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿੱਚ ਹਾਜਰੀ ਭਰਨ ਤੋਂ ਸ਼ੁਰੂ ਹੋਈ ਸੀ ਜਿੱਥੇ ਸਾਡੀ ਮੁਲਾਕਾਤ ਹੋਈ ਸੀ । ਇਹ ਮੁਲਾਕਾਤ ਬਾਅਦ ਵਿੱਚ ਪਿਆਰ ਅਤੇ ਸਤਿਕਾਰ ਭਰੇ ਇੱਕ ਲੰਬੇ ਰਿਸ਼ਤੇ ਵਿੱਚ ਤਬਦੀਲ ਹੋ ਗਈ । 1978 ਦੇ ਸਾਕੇ ਤੋਂ ਬਾਅਦ ਮੌਜੂਦਾ ਸਿੱਖ ਸੰਘਰਸ਼ ਵਿੱਚ ਵੀ ਅਸੀਂ ਕੱਠਿਆਂ ਪੈਰ ਪਾਇਆ ਸੀ । ਪਿਛਲੇ ਪੰਜਾਹ ਸਾਲਾਂ ਤੋਂ ਇਕੱਠਿਆਂ ਮਿਲ ਕੇ ਅਸੀਂ ਪੰਥਕ ਪਿੜ ਵਿੱਚ ਸੇਵਾ ਕੀਤੀ ।

ਆਵਾਜ਼ਿ ਕੌਮ AWAZE QAUM
International Newspaper & WEB TV

ਜੂਨ 1984 ਨੂੰ ਜਦੋਂ ਭਾਰਤੀ ਫੌਜ ਨੇ ਸਿੱਖਾਂ ਦੇ ਸਰਬ-ਉੱਚ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਘੇਰਾ ਪਾ ਕੇ ਹਮਲਾ ਕੀਤਾ ਸੀ ਤਾਂ ਉਸ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਕੌਮ ਨੂੰ ਟਰਾਂਸਮੀਟਰ ਰਾਹੀਂ ਸੁਨੇਹਾ ਦੇਣ ਲਈ ਭਾਈ ਸਾਹਿਬ ਵੱਲੋਂ ਟੈਕਨੀਕਲ ਕੋਸ਼ਿਸ਼ ਕੀਤੀ ਸੀ । ਹਮਲੇ ਦੌਰਾਨ ਜਦੋਂ ਭਾਈ ਸਾਹਿਬ ਸੰਤ ਭਿੰਡਰਾਂਵਾਲਿਆਂ ਨੂੰ ਮਿਲਣ ਜਾ ਰਹੇ ਸਨ ਤਾਂ ਫੌਜ ਵੱਲੋਂ ਭਾਰੀ ਗੋਲੀਬਾਰੀ ਕੀਤੀ ਗਈ ਪਰ ਉਹ ਭਾਈ ਸਾਹਿਬ ਨੂੰ ਨੁਕਸਾਨ ਨਹੀਂ ਸੀ ਪਹੁੰਚਾ ਸਕੇ । ਭਾਈ ਮਹਿਲ ਸਿੰਘ ਜੀ ਨੂੰ ਜਥੇਦਾਰ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾਤਾ ਹੋਣ ਕਰਕੇ ਜਥੇਬੰਦੀ ਦੇ ਸਾਰੇ ਸਿੰਘ ਵੱਡੇ ਭਰਾ ਵਾਲਾ ਸਤਿਕਾਰ ਦਿੰਦੇ ਸਨ ਅਤੇ ਸਾਰੇ ਹੀ ਉਹਨਾਂ ਨੂੰ ਸਤਿਕਾਰ ਨਾਲ 'ਭਾਈ ਸਾਹਿਬ' ਕਹਿ ਕੇ ਸੰਬੋਧਨ ਕਰਦੇ ਸੀ । ਭਾਈ ਸਾਹਿਬ ਦਾ ਸੁਭਾਅ ਵੀ ਬਹੁਤ ਮਿਲਾਪੜਾ ਸੀ । ਉਹਨਾਂ ਦੇ ਚਲੇ ਜਾਣ ਨਾਲ ਜਿੱਥੇ ਸੰਘਰਸ਼ ਦਾ ਸਾਡਾ ਇੱਕ ਸਾਥੀ ਘੱਟ ਹੋਇਆ ਹੈ ਉੱਥੇ ਅਸੀਂ ਇਕ ਵੱਡੇ ਭਰਾ ਤੋਂ ਵੀ ਵਾਂਝੇ ਹੋ ਗਏ ਹਾਂ । ਕੌਮ ਪ੍ਰਤੀ ਫਰਜ ਨੂੰ ਨਿਭਾਉਂਦੇ ਹੋਏ ਗੁਰਪੁਰੀ ਸਿਧਾਰ ਗਏ ਭਾਈ ਸਾਹਿਬ ਨੂੰ ਸਮੁੱਚੀ ਜਥੇਬੰਦੀ ਸ਼ਰਧਾ ਦੇ ਫੁੱਲ ਅਰਪਣ ਕਰਦੀ ਹੈ । ਸਾਡੀ ਸਮੂਹ ਪੰਥ ਦਰਦੀ ਸੰਗਤਾਂ ਨੂੰ ਅਪੀਲ ਹੈ ਕਿ ਉਹ ਭਾਈ ਸਾਹਿਬ ਪ੍ਰਥਾਏ ਵੱਧ ਤੋਂ ਵੱਧ ਸਹਿਜ ਪਾਠ ਸਾਹਿਬ, ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਆਯੋਜਿਤ ਕਰਨ ਅਤੇ ਉਨ੍ਹਾਂ ਪ੍ਰਤੀ ਗੁਰੂ ਚਰਨਾਂ ਵਿੱਚ ਅਰਦਾਸਾਂ ਕਰਨ । ਭਾਈ ਮਹਿਲ ਸਿੰਘ ਬੱਬਰ ਦਾ ਲੰਮਾਂ ਸੰਘਰਸ਼ ਕੌਮ ਲਈ ਇੱਕ ਚਾਨਣ ਮੁਨਾਰਾ ਹੈ । ਉਹਨਾਂ ਦੀ ਸੇਵਾ ਅਤੇ ਅਡੋਲ ਸੰਘਰਸ਼ ਤੋਂ ਸੇਧ ਲੈ ਕੇ ਅਜ਼ਾਦੀ ਪ੍ਰਾਪਤੀ ਦੇ ਸੰਘਰਸ਼ ਵਿੱਚ ਕੁਦਣਾ ਹੀ ਭਾਈ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ।

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥**

**ਗੁਰੂ ਪੰਥ ਦਾ ਦਾਸ....**

**ਵਧਾਵਾ ਸਿੰਘ ਬੱਬਰ**

## ★ ਜਰਨੈਲਾਂ ਨੂੰ ਸੂਰਮਿਆਂ ਵਾਂਗ ★

ਵੇਖੋ ਕਿਹਾ ਸਮਾਂ ਬਣਿਆ,
ਜਰਨੈਲਾਂ ਨੂੰ ਸੂਰਮਿਆਂ ਵਾਂਗ
ਵਿਦਾ ਕਰਨਾ ਵੀ ਅਜ
ਬੁਝਾਰਤ ਬਣਿਆ ਹੈ।
ਇੱਕ ਤੇ ਬਾਦ ਇੱਕ
ਸਿੰਘਾਂ ਦਾ ਵਿਛੋੜਾ
ਡੂੰਘਾ ਦਰਦ ਦਿੰਦਾ ਹੈ।
ਪਹਿਲਾ ਬਾਬਾ, ਭਾਉ
ਭਾਈਆ, ਫਿਰ ਤਾਇਆ
ਪਤਾ ਨਹੀਂ ਅਗਲੀ
ਕਿਸ ਦੀ ਵਾਰੀ ਹੈ।
ਜਲਾਵਤਨੀ ਵੇਖੋ
ਜਲਾਵਤਨੀ ਹੋਇਆ
ਅਜ਼ਾਦੀ ਦਾ ਸੰਘਰਸ਼
ਅੱਜ ਵੀ ਜਾਰੀ ਹੈ।
'ਸਾਥੀ' ਦਾ ਪਿਆਰ
ਸਭਨਾਂ ਨਾਲ
ਪਤਾ ਨਹੀਂ ਅਗਲੀ
ਕਿਸ ਦੀ ਵਾਰੀ ਹੈ।